# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨੩: ਗੁਰੂ ਚੇਲਾ (ਮੁਰਸ਼ਦ ਅਤੇ ਅਭਿਲਾਸ਼ੀ)

'ਗੁਰੂ ਚੇਲਾ', 'ਮੁਰਸ਼ਦ ਅਤੇ ਅਭਿਲਾਸ਼ੀ', ਇਹ ਬੁਲੰਦ ਨਿਗਰਾਨ ਦਾ ਘੋਲਿਆ ਅਤੇ ਵਰਤਾਇਆ ਉੱਤਮ ਅਮ੍ਰਿਤ ਹੈ। ਗੁਰੂ ਨਾਨਕ ਰੂਹਾਨੀ ਜੋਤ ਅੱਗੇ ਤੋਰਨ ਲਈ ਆਪਣੇ ਸੰਗੀ ਨੂੰ ਜ਼ਿਮੇਵਾਰੀ ਦੇਂਦੇ ਹਨ।

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
(ਰਾਗ ਰਾਮਕਲੀ, ਗੁਰੂ ਨਾਨਕ)

ਤੇਰਾ ਗੁਰੂ ਕੌਣ ਹੈ? ਤੂੰ ਕਿਸ ਦਾ ਚੇਲਾ ਹੈਂ?
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਇਲਾਹੀ ਵਿਵੇਕ ਦਾ ਇਜ਼ਹਾਰ ਹਨ। ਗੁਰੂ ਨਾਨਕ ਕਿਸ ਗੁਰੂ ਦੀ ਤਾਂਘ ਕਰਦੇ ਹਨ ਅਤੇ ਕਿਸ ਦੇ ਚੇਲੇ ਹਨ?

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
(ਰਾਗ ਰਾਮਕਲੀ, ਗੁਰੂ ਨਾਨਕ)

ਵਿਵੇਕੀ ਇਜ਼ਿਹਾਰ (ਸ਼ਬਦ) ਗੁਰੂ ਹੈ। ਸੁਚੇਤ ਆਤਮ ਪੜਚੋਲ ਚੇਲਾ ਹੈ ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਕਹਿੰਦੇ ਹਨ ਕਿ ਵਿਵੇਕੀ ਇਜ਼ਹਾਰ ਸ਼ਬਦ ਗੁਰੂ ਹੈ ਅਤੇ ਮਨੁੱਖ ਦੀ ਸੁਰਤ ਰਾਹੀਂ ਤੱਤ ਤੇ ਕੀਤੀ ਆਤਮ ਪੜਚੋਲ ਚੇਲਾ ਹੈ।

ਸਾਲਾਂ ਬੱਧੀ ਦੂਰ ਦੁਰਾਡੇ ਇਲਾਕਿਆਂ ਦੀਆਂ ਯਾਦਗਾਰੀ ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਨੇ ਕਿਸਾਨ ਵਜੋਂ ਚਰਵਾਹਿਆਂ ਵਾਲੀ ਥਾਂ ਉੱਤੇ ਬਸੇਬ ਕਰਨ ਦਾ ਮਨਸੂਬਾ ਬਣਾਇਆ। ਉਨ੍ਹਾਂ ਦੀ ਇੱਛਾ ਸੀ ਕਿ ਪਰਿਵਾਰ ਦੀ ਦੇਖਭਾਲ ਕਰਨ ਅਤੇ ਰਹਿੰਦੀ ਜ਼ਿੰਦਗੀ ਆਪਣੀ ਕਿਰਤ ਕਮਾਈ ਦੂਜਿਆਂ ਵਿੱਚ ਵਰਤਾਉਣ ਲਈ ਮਨਸੂਬ ਕਰਨ। ਇਸ ਦੌਰਾਨ ਉਹ ਆਪਣੇ ਤਜਰਬਿਆਂ ਦਾ ਗਿਆਨ ਵੀ ਸਮਾਜ ਵਿੱਚ ਵਰਤਾਉਂਦੇ ਰਹੇ।

ਕਿਸੇ ਢੁਕਵੀਂ ਥਾਂ ਦੀ ਭਾਲ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਆਪਣੇ ਗਰਾਂ ਤਲਵੰਡੀ ਜੋ ਹੁਣ ਨਨਕਾਣਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ, ਤੋਂ ਉੱਤਰ ਵਾਲੇ ਪਾਸੇ ਦਾ ਸਫ਼ਰ ਕੀਤਾ ਅਤੇ ਰਾਵੀ ਨਦੀ ਦੇ ਕਿਨਾਰੇ ਇੱਕ ਪੁਰ-ਸਕੂਨ ਥਾਂ ਦੀ ਚੋਣ ਕੀਤੀ। 'ਸੀਹਾਂ ਉੱਪਲ ਜਨਮਸਾਖੀ' ਮੁਤਾਬਕ ਇਸ ਥਾਂ ਦਾ ਨਾਮ ਜੰਮਣਵਾਲੀ ਸੀ ਅਤੇ ਗੁਰੂ ਨਾਨਕ ਦੇ ਦੌਰ ਵਿੱਚ ਇਸ ਦਾ ਨਾਮ ਬਦਲ ਕੇ ਕਰਤਾਰਪੁਰ ਰੱਖ ਦਿੱਤਾ ਗਿਆ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਨਨਕਾਣਾ ਸਾਹਿਬ ਤੋਂ ਕਰਤਾਰਪੁਰ ਜਾ ਰਹੇ ਹਾਂ ਜੋ ਇੰਡੀਆ-ਪਾਕਿਸਤਾਨ ਦੀ ਸਰਹੱਦ ਦੇ ਲਾਗੇ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਅਠਾਰਾਂ ਸਾਲ ਰਾਵੀ ਨਦੀ ਦੇ ਕਿਨਾਰੇ ਗੁਜ਼ਾਰੇ। ਇੱਥੇ ਗੁਰੂ ਨਾਨਕ ਨੇ ਆਪਣੇ ਫ਼ਲਸਫ਼ੇ ਦੇ ਤਿੰਨ ਬੁਨਿਆਦੀ ਅਸੂਲਾਂ ਦਾ ਪ੍ਰਚਾਰ ਕੀਤਾ, 'ਕਿਰਤ ਕਰੋ', 'ਵੰਡ ਛਕੋ' ਅਤੇ 'ਨਾਮ ਜਪੋ'।

'ਕਿਰਤ ਕਰੋ' ਦਾ ਅਮਲ ਇਮਾਨਦਾਰਾਨਾ ਕਰਮਾਂ ਰਾਹੀਂ ਆਪਣੇ ਅਤੇ ਦੂਜਿਆਂ ਦੇ ਭਲੇ ਲਈ ਕਮਾਈ ਕਰਨਾ ਹੈ।

'ਵੰਡ ਛਕਣ' ਦਾ ਮਾਅਨਾ ਆਪਣੀ ਨੇਕ ਕਮਾਈ ਨੂੰ ਦੂਜਿਆਂ ਵਿੱਚ ਵਰਤਾਉਣਾ ਅਤੇ ਆਪ ਛਕਣਾ ਹੈ ਜੋ ਕਮਾਈ ਪਦਾਰਥ ਦੇ ਰੂਪ ਵਿੱਚ ਵੀ ਹੈ ਅਤੇ ਰੂਹਾਨੀਅਤ ਦੇ ਰੂਪ ਵਿੱਚ ਵੀ ਹੈ।

'ਨਾਮ ਜਪੋ' ਦੀ ਤਰਕੀਬ ਹੀ 'ਆਤਮ ਪੜਚੋਲ' ਹੈ ਜੋ ਮਨੁੱਖ ਦੇ ਆਪਣੇ ਅਤੇ ਸਮਾਜ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ।

ਬਰਾਦਰੀ ਦਾ ਇਤਫ਼ਾਕ ਮਨੁੱਖੀ ਅਤੇ ਆਰਥਿਕ ਵਿਕਾਸ ਵਿੱਚ ਵਾਧਾ ਕਰਨ ਦੀ ਬੁਨਿਆਦ ਬਣਦਾ ਹੈ ਜਿਸ ਦੇ ਨਾਲ ਕਾਇਨਾਤ ਵੀ ਸਿਹਤਮੰਦ ਰਹਿੰਦੀ ਹੈ। ਸਮਾਜਿਕ ਬਰਾਬਰੀ ਵਿੱਚ ਸਹਾਈ ਹੋਣ ਵਾਲੀ ਸੋਚ ਹੀ ਗੁਰੂ ਨਾਨਕ ਦੀ ਤਰਜ਼ਿ-ਜ਼ਿੰਦਗੀ ਸੀ। ਉਨ੍ਹਾਂ ਦੇ ਮੁਰੀਦਾਂ ਨੇ ਰਾਵੀ ਦੇ ਕਿਨਾਰੇ ਜੁੜਨਾ ਸ਼ੁਰੂ ਕਰ ਦਿੱਤਾ। ਭਾਈ ਗੁਰਦਾਸ ਆਪਣੀਆਂ ਵਾਰਾਂ ਵਿੱਚ ਉਸ ਬਰਾਦਰੀ ਦੇ ਪਤਵੰਤੇ ਜੀਆਂ ਦੇ ਨਾਮ ਦਰਜ ਕਰਦੇ ਹਨ: ਤਾਰੂ ਪੋਪਟੂ, ਮੂਲਾ ਕੀੜ, ਪਿਰਥਾ, ਖੇਡਾ, ਪਿਰਥੀ ਮੱਲ ਸਹਗਲ, ਰਾਮਾ ਡਿਡੀ, ਮਾਲੋ, ਮਾਂਗਾ, ਕਾਲੂ, ਭਗਤਾ ਓਹਰੀ, ਸੀਹਾਂ ਉੱਪਲ, ਜਿੱਤਾ ਰੰਧਾਵਾ, ਬੂੜਾ ਬੁੱਢਾ, ਫਿਰਣਾ ਖਹਿਰਾ, ਜੋਧ, ਜੀਵਾਈ, ਗੁੱਜਰ ਲੋਹਾਰ ਅਤੇ ਨਾਈ ਧਿੰਙੁ।

ਉਨ੍ਹਾਂ ਦੇ ਪੈਰੋਕਾਰਾਂ ਨੇ ਆਪਣੇ ਆਪ ਨੂੰ 'ਸਿੱਖ' ਸਦਾਉਣਾ ਸ਼ੁਰੂ ਕਰ ਦਿੱਤਾ ਜਿਸ ਦਾ ਮਾਅਨਾ ਸਿੱਖਣ ਵਾਲਿਆਂ ਤੋਂ ਸੀ ਅਤੇ ਜੰਮਣਵਾਲੀ ਦੇ ਵਸੇਬ ਨੂੰ ਕਰਤਾਰਪੁਰ ਕਹਿਣਾ ਸ਼ੁਰੂ ਕਰ ਦਿੱਤਾ ਜੋ ਦੋ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ, ਕਰਤਾਰ ਦਾ ਮਾਅਨਾ ਹਾਜ਼ਰਾ-ਹਜ਼ੂਰ ਹੈ ਅਤੇ ਪੁਰ ਦਾ ਮਾਅਨਾ ਵਸੇਬ ਹੈ।

ਸਾਂਝੇ ਹਿੱਤਾਂ ਨਾਲ ਜੁੜੇ ਜੀਆਂ ਦੇ ਜਮ੍ਹਾਂਜੋੜ ਨਾਲ ਬਰਾਦਰੀ ਬਣਦੀ ਹੈ। ਇਹ ਮਨੁੱਖ ਆਪਣੇ ਖ਼ਿਆਲਾਂ ਅਤੇ ਸੋਚਾਂ ਦੀ ਸਾਂਝ ਪਾਉਣ ਲਈ ਸ਼ਰੀਕਾ ਜੋੜਦੇ ਹਨ। ਸਮਾਜਿਕ ਰਿਸ਼ਤੇ, ਰੂਹਾਨੀਅਤ ਅਤੇ ਸਮਾਜਿਕ ਤੰਦਰੁਸਤੀ ਦੀਆਂ ਤੰਦਾਂ ਆਪਸ ਵਿੱਚ ਜੁੜੀਆਂ ਹਨ। ਗੁਰੂ ਨਾਨਕ ਦੁਨਿਆਵੀ ਰਿਸ਼ਤਿਆਂ ਗੁਣਾਂ ਨਾਲ ਜੋੜਦੇ ਸਨ। ਉਨ੍ਹਾਂ ਨੇ ਮਾਂ ਵਜੋਂ ਵਿਵੇਕ ਦੀ ਪਰਵਰਿਸ਼ ਕਰਨ, ਪਿਤਾ ਵਜੋਂ ਤਸੱਲੀ ਮਨ ਵਿੱਚ ਵਸਾਉਣ ਅਤੇ ਹਮਸਾਇਆਂ ਵਜੋਂ ਸੱਚੀ ਦੋਸਤੀ ਕਰਨ ਦੀ ਸਲਾਹ ਦਿੱਤੀ।

ਮਾਤਾ ਮਤਿ ਪਿਤਾ ਸੰਤੋਖੁ॥
ਸਤੁ ਭਾਈ ਕਰਿ ਏਹੁ ਵਿਸੇਖੁ॥ਹਮਸਾ
(ਰਾਗ ਗਉੜੀ, ਗੁਰੂ ਨਾਨਕ)

ੳਨਦ ਹੋਨੲਸਟੲ ੳਸ ੳ ਸਬਿਲਨਿਗ. ਠਹੲਸੲ ੳਰੲ ਟਹੲ ਲੋੳਲ ਰੲਲੳਟੋਨਿਸ.
ਵਿਵੇਕ ਨੂੰ ਮਾਂ, ਸੰਤੋਖ ਨੂੰ ਪਿਤਾ ਅਤੇ ਸੱਚ ਨੂੰ ਹਮਸਾਇਆ ਬਣਾਓ। ਇਹੋ ਤੇਰੇ ਵਫ਼ਾਪਾਲ ਰਿਸ਼ਤੇ ਹਨ।
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਦੇ ਪੈਰੋਕਾਰਾਂ ਦਾ ਰਾਵੀ ਨਦੀ ਦੇ ਪੂਰਬੀ ਕੰਢੇ ਉੱਤੇ ਵਧਾਰਾ ਹੋਣ ਲੱਗਿਆ ਜਿਸ ਨੂੰ ਪੱਖੋਕੇ ਰੰਧਾਵਾ ਕਹਿੰਦੇ ਸਨ। ਕਰਤਾਰਪੁਰ ਤੋਂ ਗੁਰੂ ਨਾਨਕ ਅਕਸਰ ਰਾਵੀ ਨਦੀ ਪਾਰ ਕਰਦੇ ਸਨ ਅਤੇ ਪੱਖੋਕੇ ਰੰਧਾਵਾ ਜਾਂਦੇ ਸਨ।

ਬਰੇ-ਸਗੀਰ ਦੀ ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਰੈਡਕਲਿਫ਼ ਲਾਇਨ ਨਾਲ ਰਾਵੀ ਦੇ ਪੂਰਬੀ ਅਤੇ ਪੱਛਮੀ ਪਾਸਿਆਂ ਵਿੱਚ ਵੰਡੀ ਪੈ ਗਈ ਜਿਸ ਨਾਲ ਪੱਖੋਕੇ ਰੰਧਾਵਾ ਇੰਡੀਆ ਵਿੱਚ ਆ ਗਿਆ ਅਤੇ ਕਰਤਾਰਪੁਰ ਪਾਕਿਸਤਾਨ ਦਾ ਹਿੱਸਾ ਬਣ ਗਿਆ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾ ਕਰਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਨੂੰ ਨਾਮਜਦ ਲਾਂਘਿਆਂ ਤੋਂ ਹੀ ਪਾਰ ਕੀਤਾ ਜਾ ਸਕਦਾ ਹੈ। ਇਸ ਲਈ ਗੁਰੂ ਨਾਨਕ ਦੀਆਂ ਯਾਦਾਂ ਨਾਲ ਸਾਂਝ ਪਾਉਣ ਵਾਸਤੇ ਰਾਵੀ ਨਦੀ ਦੇ ਪੂਰਬੀ ਪਾਸੇ ਜਾਣ ਲਈ ਅਸੀਂ ਵਾਹਗਾ ਸਰਹੱਦ ਰਾਹੀਂ ਇੰਡੀਆ ਵਿੱਚ ਡੇਰਾ ਬਾਬਾ ਨਾਨਕ ਜਾ ਰਹੇ ਹਾਂ।

**ਅਮਰਦੀਪ ਸਿੰਘ:** ਰਾਵੀ ਨਦੀ ਦੇ ਪੂਰਬੀ ਪਾਸੇ ਦੇ ਪਿੰਡ ਪੱਖੋਕੇ ਰੰਧਾਵਾ ਦਾ ਨਾਮ ਗੁਰੂ ਨਾਨਕ ਦੀ ਅਕੀਦਤ ਵਿੱਚ ਬਦਲ ਕੇ ਡੇਰਾ ਬਾਬਾ ਨਾਨਕ ਕਰ ਦਿੱਤਾ ਗਿਆ।

ਮੰਨਿਆ ਜਾਂਦਾ ਹੈ ਕਿ ਡੇਰਾ ਬਾਬਾ ਨਾਨਕ ਦਾ ਨਾਮ ਗੁਰੂ ਨਾਨਕ ਦੇ ਪੋਤੇ ਅਤੇ ਲੱਖਮੀ ਚੰਦ ਦੇ ਪੁੱਤਰ ਧਰਮ ਚੰਦ ਨੇ ਰੱਖਿਆ ਸੀ।

ਪੱਖੋਕੇ ਰੰਧਾਵਾ ਗੁਰੂ ਨਾਨਕ ਦੀ ਪਤਨੀ ਮਾਤਾ ਸੁਲੱਖਣੀ ਦਾ ਪੇਕਾ ਪਿੰਡ ਸੀ। ਆਪਣੇ ਸਹੁਰਾ ਸਾਹਿਬ ਨੂੰ ਮਿਲਣ ਲਈ ਗੁਰੂ ਨਾਨਕ ਪੱਖੋਕੇ ਰੰਧਾਵਾ ਜਾਂਦੇ ਸਨ ਜੋ ਮਾਲ ਮਹਿਕਮੇ ਵਿੱਚ ਅਧਿਕਾਰੀ ਸਨ।

ਅਸੀਂ ਡੇਰਾ ਬਾਬਾ ਨਾਨਕ ਵਿੱਚ ਗੁਰਦਵਾਰਾ ਦਰਬਾਰ ਸਾਹਿਬ ਜਾ ਰਹੇ ਜਿਹੜਾ ਗੁਰੂ ਨਾਨਕ ਦੀ ਯਾਦ ਵਿੱਚ ਰਾਵੀ ਨਦੀ ਦੇ ਪੂਰਬੀ ਕੰਢੇ ਬਣਿਆ ਹੋਇਆ ਹੈ।

ਇਹ ਦਿਲਚਸਪ ਹੈ ਕਿ ਹੈਦਰਾਬਾਦ ਰਿਆਸਤ ਦੇ ਨਿਜ਼ਾਮ ਦੇ ਵਜ਼ੀਰ ਦਿਵਾਨ ਚੰਦੂ ਲਾਲ ਨੇ ਅਠਾਰ੍ਹਵੀਂ ਸਦੀ ਵਿੱਚ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਇਸ ਗੁਰਦਵਾਰੇ ਦੀ ਉਸਾਰੀ ਵਿੱਚ ਚੋਖਾ ਹਿੱਸਾ ਪਾਇਆ ਸੀ। ਚੰਦੂ ਲਾਲ ਉਹੀ ਸ਼ਖ਼ਸ ਹਨ ਜਿਨ੍ਹਾਂ ਨੇ ਗੁਰੂ ਨਾਨਕ ਦੇ ਸੁਨੇਹੇ ਨੂੰ ਦੱਖਣੀ ਇੰਡੀਆ ਵਿੱਚ ਫੈਲਾਉਣ ਲਈ ਉੱਨੀਵੀਂ ਸਦੀ ਵਿੱਚ ਗੁੰਟੂਰ, ਹੈਦਰਾਬਾਦ, ਕਾਂਚੀਪੁਰਮ, ਰਾਮੇਸ਼ਵਰਮ, ਤਿਰੂਚਿਰਾਪੱਲੀ ਅਤੇ ਤਿਰੂਵੱਨਾਮਾਲਾਈ ਵਿੱਚ ਮੱਠ ਬਣਵਾਏ ਸਨ।

ਡੇਰਾ ਬਾਬਾ ਨਾਨਕ ਤੋਂ ਅਸੀਂ ਪਾਕਿਸਤਾਨ ਵਿੱਚ ਕਰਤਾਰਪੁਰ ਪਿੰਡ ਦੇਖ ਸਕਦੇ ਹਾਂ।

ਵੰਡ ਤੋਂ ਬਹਤਰ ਸਾਲ ਬਾਅਦ ਦੋ ਹਜ਼ਾਰ ਉੱਨੀ ਵਿੱਚ ਇੰਡੀਆ ਦੇ ਡੇਰਾ ਬਾਬਾ ਨਾਨਕ ਅਤੇ ਪਾਕਿਸਤਾਨ ਦੇ ਕਰਤਾਰਪੁਰ ਵਿਚਕਾਰ ਤਕਰੀਬਨ ੫ ਕਿਲੋਮੀਟਰ ਲੰਮਾ ਲਾਂਘਾ ਬਣਾਇਆ ਗਿਆ ਤਾਂ ਜੋ ਇਸ ਰਾਹੀਂ ਇੰਡੀਆ ਦੇ ਸ਼ਰਧਾਲੂ ਪਾਕਿਸਤਾਨ ਵਿੱਚ ਕਰਤਾਰਪੁਰ ਸਾਹਿਬ ਗੁਰਦਵਾਰੇ ਦੇ ਦਰਸ਼ਨ ਕਰਨ ਲਈ ਜਾ ਸਕਣ।

'ਜਨਮਸਾਖੀ' ਲਿਖਤਾਂ ਵਿੱਚ ਦਰਜ ਹੈ ਕਿ ਪੱਖੋਕੇ ਰੰਧਾਵਾ ਦੇ ਇੱਕ ਜਗੀਰਦਾਰ ਅਜਿੱਤਾ ਰੰਧਾਵਾ ਨੇ 'ਧਰਮਸਾਲ' ਬਣਾਉਣ ਲਈ ਮਾਇਆ ਦੀ ਉਗਰਾਹੀ ਕੀਤੀ ਜਿੱਥੇ ਜੁੜਨ ਵਾਲੀ ਸੰਗਤ ਨੂੰ ਗੁਰੂ ਨਾਨਕ ਵਿਵੇਕ ਵਰਤਾਉਂਦੇ ਸਨ। ਇਤਿਹਾਸਕ ਦਸਤਾਵੇਜ਼ਾਂ ਵਿੱਚ ਇਹ ਦਰਜ ਨਹੀਂ ਹੈ ਕਿ ਇਹ 'ਧਰਮਸਾਲ' ਰਾਵੀ ਨਦੀ ਦੇ ਕਿਹੜੇ ਕੰਢੇ ਬਣਾਈ ਗਈ ਸੀ।

ਗੁਰੂ ਨਾਨਕ ਦੀ ਦੂਜੀ ਉਦਾਸੀ ਦੌਰਾਨ ਲਾਹੌਰ ਵਿੱਚ ਮੁਲਾਕਾਤ ਤੋਂ ਬਾਅਦ ਦੁਨੀ ਚੰਦ ਗੁਰੂ ਨਾਨਕ ਦੇ ਪੈਰੋਕਾਰ ਬਣ ਗਏ ਸਨ। ਉਨ੍ਹਾਂ ਨੇ ਆਉਣ ਵਾਲੀ ਸੰਗਤ ਲਈ ਰਾਵੀ ਨਦੀ ਦੇ ਕੰਢੇ ਵਿਸ਼ਰਾਮ ਘਰ ਬਣਾਇਆ।

ਅਸੀਂ ਗੁਰਦਵਾਰਾ ਚੋਲਾ ਸਾਹਿਬ ਜਾ ਰਹੇ ਹਾਂ ਜਿੱਥੇ ਇਸਲਾਮੀ ਆਇਤਾਂ ਵਾਲਾ ਚੋਲਾ ਨੁਮਾਇਸ਼ ਵਿੱਚ ਲੱਗਿਆ ਹੋਇਆ ਹੈ।

ਸੀਨਾ-ਬ-ਸੀਨਾ ਚਲੇ ਆਉਂਦੇ ਬਿਰਤਾਂਤ ਮੁਤਾਬਕ ਬਗ਼ਦਾਦ ਦੇ ਇੱਕ ਸ਼ਰਧਾਲੂ ਨੇ ਇਹ ਚੋਲਾ ਗੁਰੂ ਨਾਨਕ ਨੂੰ ਤੋਹਫ਼ੇ ਵਜੋਂ ਦਿੱਤਾ ਸੀ ਜਿਸ ਨੂੰ ਅਠਾਰਾਂ ਸੌ ਅਠਾਈ ਵਿੱਚ ਮੁਕਾਮੀ ਵਾਸੀ ਕਾਬਲੀ ਮੱਲ ਨੇ ਡੇਰਾ ਬਾਬਾ ਨਾਨਕ ਪਿੰਡ ਲਿਆਂਦਾ ਸੀ। 'ਜਨਮਸਾਖੀ' ਲਿਖਤਾਂ ਵਿੱਚ ਬਗ਼ਦਾਦ ਵਿੱਚ ਗੁਰੂ ਨਾਨਕ ਨੂੰ ਤੋਹਫ਼ੇ ਵਿੱਚ ਚੋਲਾ ਮਿਲਣ ਦਾ ਜ਼ਿਕਰ ਨਹੀਂ ਆਉਂਦਾ।

ਮੈਂ ਇਸ ਚੋਲੇ ਨੂੰ ਗੁਰੂ ਨਾਨਕ ਪ੍ਰਤੀ ਸਭ ਮਜ਼ਹਬਾਂ ਦੇ ਲੋਕਾਂ ਦੇ ਪਿਆਰ ਅਤੇ ਸਤਿਕਾਰ ਵਜੋਂ ਵੇਖਦਾ ਹਾਂ, ਜਿਨ੍ਹਾਂ ਨੂੰ ਗੁਰੂ ਨਾਨਕ ਨੇ ਫ਼ਲਸਫ਼ੀ ਵਿਵੇਕ ਦੇ ਵਿਹਾਰੀ ਚੋਗੇ ਨਾਲ ਨਿਵਾਜਿਆ।

ਬਿਰਧ ਹੋ ਚੁੱਕੇ ਭਾਈ ਮਰਦਾਨਾ ਰਾਵੀ ਨਦੀ ਦੇ ਕੰਢੇ ਚਲਾਣਾ ਕਰ ਗਏ।

ਭਾਈ ਮਰਦਾਨਾ 'ਮਰਾਸੀ' ਬਰਾਦਰੀ ਦੇ ਸਨ ਜਿਸ ਦਾ ਪਿਛੋਕੜ ਅਰਬੀ ਲਫ਼ਜ਼ 'ਮਰਾਸ' ਨਾਲ ਜੁੜਦਾ ਹੈ ਜਿਸ ਦਾ ਮਾਅਨਾ ਵਿਰਾਸਤ ਹੈ। ਭਾਈ ਮਰਦਾਨਾ ਦਾ ਸਭ ਤੋਂ ਵਧੀਆ ਬਿਆਨੀਆ ਲਾਮਿਸਾਲ ਮਨੁੱਖ ਵਜੋਂ ਹੋ ਸਕਦਾ ਹੈ ਜਿਨਹਾਨੁ ਨੂੰ 'ਸੰਗਤ' ਦਾ ਸਤ ਵਿਰਸੇ ਵਿੱਚ ਮਿਲਿਆ। 'ਸੰਗਤ' ਸ਼ਬਦ ਦਾ ਮੂਲ ਸੰਸਕ੍ਰਿਤ ਦੇ ਸ਼ਬਦ 'ਸੰਘ' ਨਾਲ ਜੁੜਦਾ ਹੈ ਜਿਸ ਦਾ ਮਾਅਨਾ ਸਾਥੀ ਹੋਣਾ ਹੈ। ਗੁਰੂ ਨਾਨਕ ਦਾ ਵਹਿਦਤ ਦਾ ਸੁਨੇਹਾ ਵਰਤਾਉਣ ਲਈ ਭਾਈ ਮਰਦਾਨਾ ਨੇ ਸਿਦਕਦਿਲੀ ਨਾਲ ਸੰਗ ਨਿਭਾਇਆ।

ਰੂਹਾਨੀ ਆਜ਼ਾਦੀ ਹਾਸਿਲ ਕਰ ਲੈਣ ਕਾਰਨ ਭਾਈ ਮਰਦਾਨਾ ਵਿੱਚ ਅਪਣੀ ਮਾਨਤਾ ਦੀ ਲਾਲਸਾ ਨਹੀਂ ਸੀ। ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਦੇਹ ਨੂੰ ਇਸ ਤਰ੍ਹਾਂ ਕਿਉਟਿਆ ਜਾਵੇ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਉੱਥੇ ਕੋਈ ਯਾਦਗਾਰ ਨਾ ਬਣ ਸਕੇ। ਮਰਦਾਨਾ ਦਾ ਮਾਅਨਾ ਹੈ ਜੋ ਕਦੇ ਮਰਦਾ ਨਹੀਂ। ਆਪਣੇ ਨਾਮ ਦੇ ਮਾਅਨਿਆਂ ਨੂੰ ਸੱਚਾ ਸਾਬਤ ਕਰਦੇ ਹੋਏ ਭਾਈ ਮਰਦਾਨਾ ਦੀ ਵਿਰਾਸਤ ਗੁਰੂ ਨਾਨਕ ਦੇ ਅਟੁੱਟ ਸੰਗੀ ਵਜੋਂ ਕਾਇਮ ਹੈ।

ਭਾਈ ਮਰਦਾਨਾ ਨੇ ਆਪਣੇ ਸ਼ਬਦਾਂ ਵਿੱਚ ਆਪਣੇ ਰੂਹਾਨੀ ਵਿਵੇਕ ਨੂੰ ਵੀ ਗੁਰੂ ਨਾਨਕ ਦੇ ਨਾਮ ਲਗਾਇਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਨ੍ਹਾਂ ਦੇ ਸ਼ਬਦਾਂ ਵਿੱਚ ਆਉਂਦਾ ਹੈ,

ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ॥
(ਰਾਗ ਬਿਹਾਗੜਾ, ਭਾਈ ਮਰਦਾਨਾ)

ਆਪਣੇ ਰੂਹਾਨੀ ਵਿਵੇਕ ਨੂੰ ਗੁੜ ਬਣਾਓ, ਸਲਾਹੀਅਤ ਨੂੰ ਆਪਣੀ ਰੋਟੀ ਬਣਾਓ, ਅਤੇ ਆਪਣੇ ਗਿਜ਼ਾ ਦੇ ਨਿਘਾਰ ਤੋਂ ਭੈਅ ਨੂੰ ਆਪਣਾ ਆਹਾਰ ਬਣਾਓ।
ਨਾਨਕ ਨੇ ਆਖਿਆ ਕਿ ਉਹੀ ਖ਼ੁਰਾਕ ਸੱਚੀ ਹੈ। ਸੋਚ-ਵਿਚਾਰ ਹੀ ਸੱਚੀ ਅਤੇ ਇੱਕੋ-ਇੱਕ ਟੇਕ ਹੈ।
ਮਨੁੱਖਾ ਦੇਹ ਨੂੰ ਆਤਮ-ਪਛਾਣ ਦਾ ਅਹਿਸਾਸ ਕਸ਼ੀਦ ਕਰਨ ਵਾਲੀ ਕੁੰਡ ਬਣਾਓ ਤਾਂ ਜੋ ਵਿਵੇਕ ਰੂਪੀ ਅੰਮ੍ਰਿਤ ਪੈਦਾ ਹੋ ਸਕੇ।
ਰੂਹਾਨੀ ਆਰਜ਼ੂਮੰਦਾਂ ਦੀ ਸੰਗਤ ਵਿੱਚ ਵਿਵੇਕ ਦੇ ਕਟੋਰੇ ਵਿੱਚੋਂ ਅੰਮ੍ਰਿਤ ਪੀਓ ਤਾਂ ਬਿਕਾਰ ਕੱਟੇ ਜਾਣ।
(ਰਾਗ ਬਿਹਾਗੜਾ, ਭਾਈ ਮਰਦਾਨਾ)

ਭਾਈ ਮਰਦਾਨਾ ਕਹਿੰਦੇ ਹਨ ਕਿ ਜੇ ਦੇਹ ਦਾ ਇਸਤੇਮਾਲ ਆਤਮ-ਪਛਾਣ ਨੂੰ ਕਸ਼ੀਦ ਕਰਨ ਵਾਲੇ ਭਾਂਡੇ ਵਜੋਂ ਹੁੰਦਾ ਹੈ ਤਾਂ ਇਸ ਨਾਲ ਅੰਮ੍ਰਿਤ ਰੂਪੀ ਘੋਲ ਤਿਆਰ ਹੁੰਦਾ ਹੈ। ਰੂਹਾਨੀ ਆਰਜ਼ੂਮੰਦਾਂ ਦਾ ਸੰਗ ਅੰਮ੍ਰਿਤ ਪੈਦਾ ਕਰਦਾ ਹੈ ਜੋ ਮਨ ਦੇ ਬਿਕਾਰਾਂ ਨੂੰ ਕੱਟਣ ਲਈ ਦਰਕਾਰ ਹੈ।

ਭਾਈ ਮਰਦਾਨਾ ਦੇ ਚਲਾਣੇ ਤੋਂ ਬਾਅਦ ਰਬਾਬੀ ਵਾਲੀ ਥਾਂ ਉਨ੍ਹਾਂ ਦੇ ਪੁੱਤ ਸ਼ਹਿਜ਼ਾਦਾ ਨੇ ਲੈ ਲਈ।

ਭਾਈ ਲਹਿਣਾ, ਖਡੂਰ ਸਾਹਿਬ ਦੇ ਵਾਸੀ, ਜਵਾਲਾ ਜੀ ਦੇ ਸਾਲਾਨਾ ਤੀਰਥ ਨੂੰ ਜਾਂਦੇ ਹੋਏ ਕੁਝ ਦਿਨਾਂ ਲਈ ਰਾਵੀ ਨਦੀ ਦੇ ਕੰਢੇ ਗੁਰੂ ਨਾਨਕ ਕੋਲ ਰਹੇ। ਗੁਰੂ ਨਾਨਕ ਦੇ ਫ਼ਲਸਫ਼ੇ ਨੇ ਉਨ੍ਹਾਂ ਦਾ ਦਿਲ ਟੁੰਬ ਲਿਆ ਤਾਂ ਉਨ੍ਹਾਂ ਨੇ ਗੁਰੂ ਨਾਨਕ ਨਾਲ ਹੀ ਰਹਿਣ ਦਾ ਫ਼ੈਸਲਾ ਕਰ ਲਿਆ। ਆਉਣ ਵਾਲੇ ਦੌਰ ਵਿੱਚ ਭਾਈ ਲਹਿਣਾ ਹੀ ਦੂਜੇ ਗੁਰੂ, ਗੁਰੂ ਅਗੰਦ ਵਜੋਂ ਸਾਹਮਣੇ ਆਏ।

ਗੁਰੂ ਨਾਨਕ ਨੇ ਪੰਦਰ੍ਹਾਂ ਸੌ ਪੱਚੀ ਈਸਵੀ ਦੇ ਸ਼ੁਰੂ ਵਿੱਚ ਪੰਜਾਬ ਦੇ ਨੇੜੇ-ਨੇੜੇ ਵਾਲੇ ਅਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਦੌਰਾਨ ਕੁਝ ਸਮੇਂ ਲਈ ਭਾਈ ਲਹਿਣਾ ਵੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਕਥਾਲਾ, ਅਚਲ ਬਟਾਲਾ, ਕੀੜੀ ਅਫ਼ਗਾਨਾ, ਸੁਲਤਾਨਪੁਰ ਲੋਧੀ, ਸਰਾਏ ਨਾਗਾ ਅਤੇ ਬੀਕਾਨੇਰ ਦਾ ਸਫ਼ਰ ਕੀਤਾ। ਕਰਤਾਰਪੁਰ ਤੋਂ ਗੁਰੂ ਨਾਨਕ ਅਤੇ ਭਾਈ ਲਹਿਣਾ ਨੇ ਕਥਾਲਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਰਤਾਰਪੁਰ ਤੋਂ ਕਥਾਲਾ ਜਾ ਰਹੇ ਹਾਂ।

**ਅਮਰਦੀਪ ਸਿੰਘ:** ਕਥਾਲਾ ਪਿੰਡ ਵਿੱਚ ਗੁਰੂ ਨਾਨਕ ਦੀ ਮੁਲਾਕਾਤ ਦੋ ਸੂਫ਼ੀ ਫ਼ਕੀਰਾਂ, ਪੀਰ ਅਬਦੁਲ ਰਹਿਮਾਨ ਅਤੇ ਮੀਆਂ ਮਿੱਠਾ ਸਿਆਲ ਨਾਲ ਹੋਈ। ਇਹ ਮੀਆਂ ਮਿੱਠਾ ਸਿਆਲ ਦੀ ਸਮਾਧ ਹੈ।

ਪੀਰ ਅਬਦੁਲ ਰਹਿਮਾਨ ਅਤੇ ਗੁਰੂ ਨਾਨਕ ਨੇ ਸਮਾਜਿਕ ਬੇਇਤਫ਼ਾਕੀ ਬਾਰੇ ਗੋਸ਼ਟਿ ਕੀਤਾ।

ਬਰੇ-ਸਗੀਰ ਦੀ ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਇਸ ਇਲਾਕੇ ਦੀ ਮੁਸਲਮਾਨ ਬਰਾਦਰੀ ਪਾਕਿਸਤਾਨ ਹਿਜਰਤ ਕਰ ਗਈ। ਇਸ ਅਸਥਾਨ ਦਾ ਇੰਤਜ਼ਾਮ ਹੁਣ ਕਥਾਲਾ ਪਿੰਡ ਦੀ ਸਿੱਖ ਅਤੇ ਹਿੰਦੂ ਬਰਾਦਰੀ ਕਰਦੀ ਹੈ।

ਇਸ ਅਸਥਾਨ ਉੱਤੇ ਲੋਕਾਂ ਦਾ ਜੋੜ ਵੰਡੀਆਂ ਤੋਂ ਪਾਰ ਵੇਖ ਸਕਣ ਵਾਲੀ ਮਨੁੱਖਾ ਸਮਰੱਥਾ ਨੂੰ ਦਰਸਾਉਂਦਾ ਹੈ। ਹਾਲਾਂਕਿ ਇਕੱਠੇ ਰਹਿਣ ਦੇ ਬਾਵਜੂਦ ਸਮਾਜ ਵਿੱਚ ਸ਼ੱਕ ਪਲਦਾ ਰਹਿੰਦਾ ਹੈ ਅਤੇ ਮਜ਼ਹਬੀ ਮੇਲ ਆਪਣੀ ਖ਼ੁਸੂਸੀ ਪਛਾਣ ਅਤੇ ਮਾਨਤਾ ਦੇ ਗੁਆਚ ਜਾਣ ਦਾ ਸੰਸਾ ਪਾਲਦੇ ਹਨ। ਗੁਰੂ ਨਾਨਕ ਨੇ ਫ਼ਰਮਾਇਆ ਕਿ ਖ਼ੌਫ਼ਜ਼ਦਾ ਹੋ ਕੇ ਅਸੀਂ ਅਕਾਰਥ ਬਹਿਸਾਂ ਵਿੱਚ ਪੈਂਦੇ ਹਾਂ ਅਤੇ ਬੇਮਾਅਨਾ ਟਕਰਾਅ ਵਿੱਚ ਪੈ ਕੇ ਕਿਸੇ ਮਕਸਦ ਲਈ ਬਣੀ ਜ਼ਿੰਦਗੀ ਅਜਾਈਂ ਬਰਬਾਦ ਕਰਦੇ ਹਾਂ।

ਝਖਿ ਝਖਿ ਝਖਣਾ ਝਗੜਾ ਝਾਖ॥
(ਰਾਗੁ ਸਾਰੰਗ, ਗੁਰੂ ਨਾਨਕ)

ਬੇਕਾਰ ਬਹਿਸਾਂ, ਬੇਲੋੜੀਆਂ ਚਿੰਤਾਵਾਂ, ਢਾਹੂ ਸੋਚਾਂ ਅਤੇ ਝਗੜਿਆ ਵਿੱਚ ਪੈ ਕੇ ਮਨ ਬੇਘਰ ਹੋ ਜਾਂਦਾ ਹੈ।
(ਰਾਗ ਸਾਰੰਗ, ਗੁਰੂ ਨਾਨਕ)

ਕਥਾਲਾ ਪਿੰਡ ਵਿੱਚ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਗੁਰਦਵਾਰਾ ਬਣਾਇਆ ਗਿਆ ਸੀ।

ਲਾਗੇ ਦੇ ਪਿੰਡ ਜੋੜੀਆਂ ਕਲਾਂ ਵਿੱਚ ਓਬਾਰੇ ਖ਼ਾਨ ਨਾਲ ਵੀ ਗੁਰੂ ਨਾਨਕ ਨੇ ਇਸੇ ਤਰ੍ਹਾਂ ਦਾ ਗੋਸ਼ਟਿ ਕੀਤਾ ਸੀ। ਓਬਾਰੇ ਖ਼ਾਨ ਨਾਲ ਮੁਲਾਕਾਤ ਦੀ ਕੋਈ ਨਿਸ਼ਾਨੀ ਨਹੀਂ ਹੈ।

ਕਥਾਲਾ ਤੋਂ ਗੁਰੂ ਨਾਨਕ ਅਤੇ ਭਾਈ ਲਹਿਣਾ ਨੇ ਅਚਲ ਬਟਾਲਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਥਾਲਾ ਤੋਂ ਅਚਲ ਬਟਾਲਾ ਜਾ ਰਹੇ ਹਾਂ ਜਿਹੜਾ ਬਟਾਲਾ ਸ਼ਹਿਰ ਤੋਂ ਤਕਰੀਬਨ ਪੰਜ ਕਿਲੋਮੀਟਰ ਹੈ।

ਇਤਿਹਾਸਕ ਤੌਰ ਉੱਤੇ ਅਚਲ ਬਟਾਲਾ ਪੁਰਾਤਨ ਅਚਲੇਸ਼ਵਰ ਮੰਦਿਰ ਲਈ ਜਾਣਿਆ ਜਾਂਦਾ ਹੈ ਜੋ ਭਗਵਾਨ ਸ਼ਿਵ ਦੇ ਵੱਡੇ ਪੁੱਤਰ ਕਾਰਤੀਕੇ ਨੂੰ ਮਨਸੂਬ ਹੈ।

ਕਿੱਸਾ ਇਹ ਹੈ ਕਿ ਆਪਣੇ ਛੋਟੇ ਭਾਈ ਗਣੇਸ਼ ਨਾਲ ਮੁਕਾਬਲਾ ਹਾਰਨ ਤੋਂ ਬਾਅਦ ਕਾਰਤੀਕੇ ਨੇ ਇਸੇ ਅਸਥਾਨ ਉੱਤੇ ਆਪਣਾ ਟਿਕਾਣਾ ਕਰ ਲਿਆ ਸੀ। 'ਅਚਲੇਸ਼ਵਰ' ਦੋ ਸ਼ਬਦਾਂ ਤੋਂ ਬਣਿਆ ਹੈ, 'ਅਚਲ' ਦਾ ਮਾਅਨਾ ਅਹਿੱਲ ਅਤੇ 'ਈਸ਼ਵਰ' ਦਾ ਮਤਲਬ ਇਲਾਹੀ ਹੈ।

ਭਗਵਾਨ ਸ਼ਿਵ ਦੀ ਅਕੀਦਤ ਵਿੱਚ ਹਿੰਦੂ ਬਰਾਦਰੀ ਸਾਲਾਨਾ ਤਿਓਹਾਰ 'ਸ਼ਿਵਰਾਤਰੀ' ਵਜੋਂ ਮਨਾਉਂਦੀ ਹੈ ਜਿਸ ਦਾ ਮਾਅਨਾ 'ਸ਼ਿਵ ਦੀ ਰਾਤ' ਬਣਦਾ ਹੈ। ਇਹ ਤਿਓਹਾਰ ਸੂਰਜ ਛਿਪਣ ਤੋਂ ਚੜ੍ਹਨ ਤੱਕ ਮਨਾਇਆ ਜਾਂਦਾ ਹੈ ਜਿਸ ਦਾ ਮਤਲਬ ਅਗਿਆਨਤਾ ਦੇ ਹਨੇਰੇ ਉੱਤੇ ਵਿਵੇਕ ਦਾ ਚੜ੍ਹਨਾ ਹੈ।

**ਅਮਰਦੀਪ ਸਿੰਘ:** 'ਸ਼ਿਵਰਾਤਰੀ' ਦੇ ਮੌਕੇ ਉੱਤੇ ਗੁਰੂ ਨਾਨਕ 'ਅਚਲੇਸ਼ਵਰ ਧਾਮ' ਗਏ ਅਤੇ ਭੰਗਰ ਨਾਥ ਜੋਗੀ ਨਾਲ ਰੂਹਾਨੀ ਗੋਸ਼ਟਿ ਕੀਤਾ ਜੋ 'ਗੋਰਖਨਾਥ' ਜਮਾਤ ਦੇ ਪੈਰੋਕਾਰ ਸਨ।

'ਜੋਗੀਆਂ' ਦੀ ਸਮਝ ਸੀ ਕਿ ਇਕਾਂਤ ਵਿੱਚ ਬ੍ਰਹਮਚਾਰੀ ਜ਼ਿੰਦਗੀ ਗੁਜ਼ਾਰਨਾ, ਭਿਖਿਆ ਲੈਣਾ ਅਤੇ ਤਪ ਕਰਨਾ ਹੀ ਰੂਹਾਨੀਅਤ ਦਾ ਇੱਕੋ-ਇੱਕ ਰਾਹ ਹੈ। ਭੰਗਰ ਨਾਥ ਨੇ ਬਿਆਨ ਦਿੱਤਾ ਕਿ ਗੁਰੂ ਨਾਨਕ ਦਾ ਰੁਝਾਨ ਰੂਹਾਨੀ ਹੈ ਪਰ ਉਨਹਾ ਦਾ ਗ੍ਰਹਿਸਤ ਜ਼ਿੰਦਗੀ ਗੁਜ਼ਾਰਨ ਦਾ ਫ਼ੈਸਲਾ ਦੁੱਧ ਵਿੱਚ ਫਟਕੜੀ ਘੋਲਣ ਵਾਂਗ ਹੈ ਜਿਸ ਨਾਲ ਦੁੱਧ ਫਟ ਜਾਂਦਾ ਹੈ ਅਤੇ ਪੀਣ ਲਾਇਕ ਨਹੀਂ ਰਹਿੰਦਾ। ਉਨ੍ਹਾਂ ਮੁਤਾਬਕ ਪਰਿਵਾਰ ਵਿੱਚ ਰਹਿਣਾ ਕਦੀਮੀ ਗਿਆਨ ਹਾਸਿਲ ਕਰਨ ਦੇ ਰਾਹ ਵਿੱਚ ਰੁਕਾਵਟ ਹੈ। ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਕੁਦਰਤ ਦੇ ਨੇਮ ਮੁਤਾਬਕ ਰੁੱਖ ਅਤੇ ਜਾਨਵਰ ਇਕਾਂਤਵਾਸ ਨਹੀਂ ਕਰਦੇ ਅਤੇ ਰਲ-ਮਿਲ ਕੇ ਦੂਜੀਆਂ ਨਸਲਾਂ ਦੇ ਪਾਲਣਹਾਰ ਬਣਦੇ ਹਨ। ਇਸੇ ਤਰੀਕੇ ਨਾਲ ਮਨੁੱਖ ਨੂੰ ਆਪਣੇ ਆਲੇ-ਦੁਆਲੇ ਦੇ ਵਧਾਰੇ ਲਈ ਜ਼ਿੰਦਗੀ ਵਧਾਉਣ ਦੀ ਜ਼ਰੂਰਤ ਹੈ। ਗੁਰੂ ਨਾਨਕ ਨੇ ਜ਼ਿਕਰ ਕੀਤਾ ਕਿ ਬ੍ਰਹਮਚਾਰੀਆਂ ਨੂੰ ਜ਼ਿੰਦਗੀ ਨਾਲ ਉਨ੍ਹਾਂ ਦੇ ਮਾਪਿਆਂ ਨੇ ਨਿਵਾਜਿਆ ਹੈ ਜੋ ਗ੍ਰਹਿਸਤ ਜੀਵਨ ਗੁਜ਼ਾਰਦੇ ਹਨ। ਇਹ ਪਾਸੇ ਬ੍ਰਹਿਮਚਾਰੀ ਗ੍ਰਹਿਸਤੀਆਂ ਦੇ ਦਿੱਤੇ ਦਾਨ ਉੱਤੇ ਗੁਜ਼ਾਰਾ ਕਰਦੇ ਹਨ ਅਤੇ ਦੂਜੇ ਪਾਸੇ ਗ੍ਰਹਿਸਤੀਆਂ ਨੂੰ ਨਾਲਾਇਕ ਕਰਾਰ ਦਿੰਦੇ ਹਨ। ਗੁਰੂ

ਨਾਨਕ ਨੇ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਉਹ 'ਸ਼ਿਵ ਭਗਤ' ਵਜੋਂ ਉਹ ਭਗਵਾਨ ਸ਼ਿਵ ਦੀ ਅਕੀਦਤ ਕਰਦੇ ਹਨ ਜੋ ਆਪ ਪਰਿਵਾਰਕ ਜੀਵਨ ਜਿਊਂਦੇ ਸਨ। ਗੁਰੂ ਨਾਨਕ ਨੇ ਗਾਇਨ ਕੀਤਾ,

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥
(ਰਾਗ ਸੂਹੀ, ਗੁਰੂ ਨਾਨਕ)

ਕਾਂਸਾ ਉਜਲਾ ਅਤੇ ਚਮਕਦਾਰ ਹੈ ਪਰ ਜਦੋਂ ਇਸ ਨੂੰ ਹਵਾ ਲਗਦੀ ਹੈ ਤਾਂ ਕਾਲਖ਼ ਸਾਹਮਣੇ ਆ ਜਾਂਦੀ ਹੈ।
ਧੋਣ ਨਾਲ ਇਸ ਦੀ ਜੂਠ ਉੱਤਰ ਨਹੀਂ ਜਾਂਦੀ ਭਾਵੇਂ ਸੈਂਕੜੇ ਵਾਰ ਇਸ ਨੂੰ ਧੋਤਾ ਜਾਵੇ।
ਉਹ ਹੀ ਮੇਰੇ ਸੱਜਣ ਹਨ ਜੋ ਆਤਮ-ਪੜਚੋਲ ਦੇ ਰਾਹ ਉੱਤੇ ਚਲਦੇ ਹਨ।
ਜਦੋਂ ਉਨ੍ਹਾਂ ਦੇ ਕੀਤੇ ਦੀ ਪੜਚੋਲ ਹੁੰਦੀ ਹੈ ਤਾਂ ਉਨ੍ਹਾਂ ਦਾ ਰੂਹਾਨੀ ਵਜੂਦ ਵਧ ਜਾਂਦਾ ਹੈ।
(ਰਾਗ ਸੂਹੀ, ਗੁਰੂ ਨਾਨਕ)

ਗੁਰੂ ਨਾਨਕ ਨੇ ਬਿਆਨ ਕੀਤਾ ਕਿ ਕਾਂਸੇ ਦਾ ਭਾਂਡਾ ਚਮਕਦਾਰ ਹੁੰਦਾ ਹੈ ਪਰ ਹਵਾ ਦੀ ਸਿੱਲਨ ਨਾਲ ਮਿਲਦੇ ਸਾਰ ਹੀ ਕਾਲਾ ਹੋ ਜਾਂਦਾ ਹੈ। ਇਸੇ ਤਰ੍ਹਾਂ ਲੋਕ ਰੂਹਾਨੀਅਤ ਪਖੋਂ ਪਹੁੰਚੇ ਹੋਏ ਜਾਪ ਸਕਦੇ ਹਨ ਪਰ ਉਨ੍ਹਾਂ ਦੇ ਵਿਵੇਕ ਉਸੇ ਵੇਲੇ ਸਾਹਮਣੇ ਆਉਂਦੇ ਹੈ ਜਦੋਂ ਵੱਖ-ਵੱਖ ਹਾਲਾਤ ਵਿੱਚ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਉਨ੍ਹਾਂ ਦੇ ਸੰਵਾਦ ਨੂੰ ਵੇਖਿਆ ਜਾਂਦਾ ਹੈ।

ਗੁਰੂ ਨਾਨਕ ਦੇ ਅਚਲ ਬਟਾਲਾ ਵਿੱਚ ਆਉਣ ਦੀ ਯਾਦ ਵਿੱਚ ਅਚਲੇਸ਼ਵਰ ਮੰਦਿਰ ਦੇ ਸਾਹਮਣੇ ਗੁਰਦਵਾਰਾ ਅਚਲ ਸਾਹਿਬ ਬਣਿਆ ਹੈ। ਇਸ ਗੁਰਦਵਾਰੇ ਲਈ ਜ਼ਮੀਨ ਉੱਨੀਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਦਿੱਤੀ ਸੀ।

ਅਚਲ ਬਟਾਲਾ ਤੋਂ ਗੁਰੂ ਨਾਨਕ ਅਤੇ ਭਾਈ ਲਹਿਣਾ ਨੇ ਕੀੜੀ ਅਫ਼ਗਾਨਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਅਚਲ ਬਟਾਲਾ ਤੋਂ ਕੀੜੀ ਅਫ਼ਗਾਨਾ ਜਾ ਰਹੇ ਹਾਂ ਜੋ ਬਿਆਸ ਨਦੀ ਦੇ ਪੱਛਮੀ ਕੰਢੇ ਉੱਤੇ ਮੌਜੂਦਾ ਕਸਬੇ ਸ਼੍ਰੀ ਹਰਗੋਬਿੰਦਪੁਰ ਨੇੜੇ ਵੱਸਿਆ ਹੈ।

'ਵਿਲਾਇਤਵਾਲੀ ਜਨਮਸਾਖੀ' ਵਿੱਚ ਗੁਰੂ ਨਾਨਕ ਦੇ ਕੀੜੀ ਅਫ਼ਗਾਨਾ ਵਿੱਚ ਕੁਝ 'ਪਠਾਣਾਂ' ਨਾਲ ਗੋਸ਼ਟਿ ਦਾ ਜ਼ਿਕਰ ਆਉਂਦਾ ਹੈ।ਪਰ ਇਸ ਵਿੱਚ ਕਿਸੇ ਨਾਮ ਦਾ ਜ਼ਿਕਰ ਨਹੀਂ ਆਉਂਦਾ। ਮੁਕਾਮੀ ਬਿਰਤਾਂਤ ਮੁਤਾਬਕ ਗੁਰੂ ਨਾਨਕ ਨਾਲ ਗੋਸ਼ਟਿ ਕਰਨ ਵਾਲਿਆਂ ਵਿੱਚੋਂ ਇੱਕ ਪਠਾਣ ਦਾ ਨਾਮ ਪੀਰ ਦੁੱਲੋ ਸ਼ਾਹ ਦੱਸਿਆ ਜਾਂਦਾ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਦੀ ਪੀਰ ਦੁੱਲੋ ਸ਼ਾਹ ਨਾਲ ਮੁਲਾਕਾਤ ਕੀੜੀ ਅਫ਼ਗ਼ਾਨਾ ਵਿੱਚ ਹੋਈ ਜਿਸ ਨੂੰ ਕੀੜੀ ਪਠਾਣਾ ਵੀ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਪੀਰ ਦੁੱਲੇ ਸ਼ਾਹ ਦੀ ਕਬਰ ਹੈ।

ਮਜ਼ਹਬ ਦੀ ਬੁਨਿਆਦ ਉੱਤੇ ਬਰੇ-ਸਗੀਰ ਦੀ ਉੱਨੀ ਸੌ ਸੰਤਾਲੀ ਵਿੱਚ ਹੋਈ ਵੰਡ ਤੋ ਬਾਅਦ ਮੁਕਾਮੀ ਮੁਸਲਮਾਨ ਆਬਾਦੀ ਇੱਥੋਂ ਹਿਜਰਤ ਕਰ ਗਈ। ਹੁਣ ਇਸ ਕਬਰ ਦੀ ਸਾਂਭ-ਸੰਭਾਲ ਪਿੰਡ ਵਾਲੇ ਕਰਦੇ ਹਨ।

'ਵਿਲਾਇਤਵਾਲੀ ਜਨਮਸਾਖੀ' ਵਿੱਚ ਦਰਜ ਹੈ ਕਿ ਗੁਰੂ ਨਾਨਕ ਨੇ ਕੀੜੀ ਅਫ਼ਗ਼ਾਨਾ ਵਿੱਚ ਸ਼ੁਕਰਾਨੇ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ॥
ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ॥
ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥
(ਰਾਗ ਤਿਲੰਗ, ਗੁਰੂ ਨਾਨਕ)

ਘਰ (ਚੇਤਨਾ) ਵਿੱਚ ਪਾਨ ਦੀਆਂ ਵੇਲਾਂ (ਵਿਵੇਕ) ਹੋ ਸਕਦੀਆਂ ਹਨ ਪਰ ਗਧਾ (ਹਉਮੈ) ਇਨ੍ਹਾਂ ਦਾ ਮੁੱਲ ਨਹੀਂ ਪਾ ਸਕਦਾ।
ਜੇ ਕੋਈ ਮਹਿਕ ਦਾ ਆਨੰਦ ਮਾਣ ਸਕਦਾ ਹੈ ਤਾਂ ਉਹ ਫੁੱਲ ਦੀ ਸੱਚੀ ਸਲਾਹੁਤਾ ਕਰ ਸਕਦਾ ਹੈ।
ਨਾਨਕ ਨੇ ਆਖਿਆ ਕਿ ਰੂਹਾਨੀਅਤ ਦਾ ਅੰਮ੍ਰਿਤ ਰਸ ਪੀਣ ਵਾਲਾ ਮਨੁੱਖ ਹਰ ਭਰਮ ਅਤੇ ਭਟਕਣ ਤੋਂ ਉੱਪਰ ਉੱਠ ਜਾਂਦਾ ਹੈ।
ਸਹਿਜਤਾ ਨਾਲ ਸਚਾਈ ਦੀ ਥਾਹ ਪੈਂਦੀ ਜੋ ਅਮਰ ਹੈ।
(ਰਾਗ ਤਿਲੰਗ, ਗੁਰੂ ਨਾਨਕ)

ਗਧਿਆਂ ਵਿੱਚ ਆਪਣੇ-ਆਪ ਨੂੰ ਮਹਿਫ਼ੂਜ਼ ਰੱਖਣ ਦੀ ਬਿਰਤੀ ਉਨ੍ਹਾਂ ਨੂੰ ਨਾਪਛਾਣ ਥਾਂਵਾਂ ਦੀ ਸਲਾਹੁਤਾ ਕਰਨ ਤੋਂ ਰੋਕਦੀ ਹੈ। ਇਸ ਕਾਰਨ ਉਨ੍ਹਾਂ ਨੂੰ ਅੜਿਅਲ ਸਮਝਿਆ ਜਾਂਦਾ ਹੈ। ਗੁਰੂ ਨਾਨਕ ਨੇ ਗਧੇ ਦੀ ਮਿਸਾਲ ਦੇ ਕੇ ਸਮਝਾਇਆ ਕਿ ਜਿਵੇਂ ਗਧਾ ਪਾਨ ਦੀਆਂ ਵੇਲਾਂ ਦਾ ਮੁੱਲ ਨਹੀਂ ਪਾ ਸਕਦਾ, ਉਸੇ ਤਰ੍ਹਾਂ ਮਨੁੱਖ ਦੀ ਅੜਿਅਲ ਬਿਰਤੀ ਉਸ ਨੂੰ ਆਪਣੇ ਆਲੇ-ਦੁਆਲੇ ਦੀ ਨੇਕੀ ਦਾ ਆਨੰਦ ਮਾਨਣ ਤੋਂ ਰੋਕਦੀ ਹੈ।

ਸ਼ੁਕਰਗੁਜ਼ਾਰ ਹੋਣ ਨਾਲ ਮਨੁੱਖ ਦੇ ਸਭ ਸ਼ੰਕੇ ਦੂਰ ਹੋ ਜਾਂਦੇ ਹਨ ਅਤੇ ਅੰਮ੍ਰਿਤ ਵਿਵੇਕ ਦੀ ਰਹਿਮਤ ਹੁੰਦੀ ਹੈ।

ਕੀੜੀ ਅਫ਼ਗ਼ਾਨਾ ਤੋਂ ਗੁਰੂ ਨਾਨਕ ਅਤੇ ਭਾਈ ਲਹਿਣਾ ਨੇ ਸੁਲਤਾਨਪੁਰ ਲੋਧੀ ਵਾਲੇ ਪਾਸੇ ਦਾ ਸਫ਼ਰ ਕੀਤਾ। ਉਨ੍ਹਾਂ ਨੇ ਬਿਆਸ ਨਦੀ ਵਿੱਚ ਕਿਸ਼ਤੀ ਰਾਹੀਂ ਦੱਖਣ ਵਾਲੇ ਪਾਸੇ ਦਾ ਸਫ਼ਰ ਕੀਤਾ ਅਤੇ ਪੂਰਬੀ ਕੰਢੇ ਉੱਤੇ ਖਡੂਰ ਉੱਤਰ ਗਏ। ਉੱਥੋਂ ਪੈਦਲ ਸੁਲਤਾਨਪੁਰ ਲੋਧੀ ਗਏ ਜੋ ਵੇਈਂ ਨਦੀ ਦੇ ਕੰਢੇ ਵੱਸਿਆ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕੀੜੀ ਅਫ਼ਗਾਨਾ ਤੋਂ ਸੁਲਤਾਨਪੁਰ ਲੋਧੀ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਲਹਿਣਾ ਨੇ ਸੁਲਤਾਨਪੁਰ ਲੋਧੀ ਵਿੱਚ ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਨਾਲ ਕੁਝ ਦਿਨ ਗੁਜ਼ਾਰੇ ਅਤੇ ਦੱਖਣ ਵਾਲੇ ਪਾਸੇ ਨੂੰ ਮੱਤੇ-ਦੀ-ਸਰਾਏ ਨਾਮੀ ਪਿੰਡ ਦੇ ਚਾਲੇ ਪਾ ਦਿੱਤੇ ਜੋ ਮੌਜੂਦਾ ਦੌਰ ਵਿੱਚ ਸਰਾਏਂ ਨਾਗਾ ਵਜੋਂ ਜਾਣਿਆ ਜਾਂਦਾ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਮੁਕਤਸਰ ਜ਼ਿਲ੍ਹੇ ਵਿੱਚ ਸਰਾਏਂ ਨਾਗਾ ਜਾ ਰਹੇ ਹਾਂ।

ਰੌਸ਼ਨੀ ਨੂੰ ਸਲਾਹੁਣ ਲਈ ਹਨੇਰੇ ਦਾ ਤਜਰਬਾ ਬਹੁਤ ਅਹਿਮ ਹੈ। ਗੁਰੂ ਨਾਨਕ ਨੇ ਕਇ ਸਾਲਾਂ ਦੌਰਾਨ ਕੀਤੀਆਂ ਯਾਦਗਾਰੀ ਉਦਾਸੀਆਂ ਵਿੱਚ ਬਹੁਤ ਔਕੜਾਂ ਦਾ ਸਾਹਮਣਾ ਕੀਤਾ। ਬਾਅਸੂਲ ਰੂਹਾਨੀਤ ਦੇ ਆਰਜ਼ੂ-ਸੰਦ , ਦਰਦਮੰਦੀ ਨਾਲ ਧੜਕਦੇ ਦਿਲ, ਤਫ਼ਸੀਲ ਪਸੰਦ ਨਜ਼ਰ ਅਤੇ ਸਬਰ ਨਾਲ ਸਮਰੱਥ ਹਿੰਮਤੀ ਮਿਜਾਜ਼ ਵਾਲੇ ਗੁਰੂ ਨਾਨਕ ਨੇ ਸਭ ਮੁਸੀਬਤਾਂ ਨੂੰ ਮੌਕੇ ਦੇ ਰੂਪ ਵਿਚ ਮਾਨਤਾ ਦਿਤੀ। ਉਨ੍ਹਾਂ ਕਿਹਾ ਕਿ ਲਲਕਾਰ ਬਣਨ ਵਾਲੇ ਹਾਲਾਤ ਇਲਾਜ ਵਰਗੇ ਹਨ ਅਤੇ ਸਾਜ਼ਗਾਰ ਹਾਲਾਤ ਬੀਮਾਰੀ ਵਾਂਗ ਹਨ ਕਿਉਂਕਿ ਸੁੱਖ ਆਪਣੇ-ਆਪ ਸਿੱਖਣ ਦੀ ਜ਼ਰੂਰਤ ਦੇ ਰਾਹ ਵਿੱਚ ਰੋੜਾ ਬਣਦੇ ਹਨ।

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥
(ਰਾਗੁ ਆਸਾ, ਗੁਰੂ ਨਾਨਕ)

ਮੁਸ਼ਕਿਲ ਹਾਲਾਤ ਦਾਰੂ ਹਨ ਅਤੇ ਦੁਨਿਆਵੀ ਸੁੱਖ ਰੋਗ ਹਨ। ਜਿੱਥੇ ਸੁੱਖ ਹਨ ਉੱਥੇ ਆਤਮ-ਪੜਚੋਲ ਕਰਨ ਅਤੇ ਤਰੱਕੀ ਕਰਨ ਦੀ ਤਾਂਘ ਨਹੀਂ ਹੁੰਦੀ।
(ਰਾਗ ਆਸਾ, ਗੁਰੂ ਨਾਨਕ)

ਸਰਾਏਂ ਨਾਗਾ ਭਾਈ ਲਹਿਣਾ ਦਾ ਜਨਮ ਅਸਥਾਨ ਅਤੇ ਘਰ ਹੈ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਗੁਰੂ ਨਾਨਕ ਦੇ ਸਰਾਏਂ ਨਾਗਾ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਹੈ।

ਅਭਿਲਾਸ਼ੀ ਦੀ ਤਰੱਕੀ ਵਿੱਚ ਸਰਪ੍ਰਸਤ ਦਾ ਹੋਣਾ ਲਾਜ਼ਮੀ ਹੈ। ਗੁਰੂ ਨਾਨਕ ਦੀ ਸਰਪ੍ਰਸਤੀ ਵਜੋਂ ਅਤੇ ਭਾਈ ਲਹਿਣਾ ਦੀ ਅਭਿਲਾਸ਼ੀ ਵਜੋਂ ਮੁਕੱਦਸ ਸਾਂਝ ਤਬਦੀਲੀ ਦੇ ਦੌਰ ਵਿੱਚੋਂ ਨਿਕਲ ਰਹੀ ਸੀ। ਰੂਹਾਨੀ ਜ਼ਿੰਮੇਵਾਰੀ ਨੂੰ ਅਗਲੇ ਹੱਥਾਂ ਵਿੱਚ ਦੇਣ ਦਾ ਵੇਲਾ ਨੇੜੇ ਆ ਰਿਹਾ ਸੀ। ਤਰਕਾਲਾਂ ਅਤੇ ਪਹੁਫੁਟਾਲੇ ਦਾ ਘੁਸਮੁਸਾ ਚਮਤਕਾਰੀ ਵੇਲਾ ਹੁੰਦਾ ਹੈ ਜਦੋਂ ਆਸਮਾਨ ਲਿਸ਼ਕ ਰਿਹਾ ਹੁੰਦਾ ਹੈ। ਤਰਕਾਲਾਂ ਵੇਲੇ ਸੂਰਜ ਛਿਪਣ ਲਗਦਾ ਹੈ ਜੋ ਲੰਘੇ ਵਕਤ ਉੱਤੇ ਵਿਚਾਰ ਕਰਨ ਦਾ ਸਮਾਂ ਹੁੰਦਾ ਹੈ ਅਤੇ ਪਹੁਫਟਾਲੇ ਤੋਂ ਬਾਅਦ ਸੂਰਜ ਚੜ੍ਹਦਾ ਹੈ ਜੋ ਨਵੀਂ ਸ਼ੁਰੂਆਤ ਦੀ ਹੌਸਲਾ-ਅਫ਼ਜ਼ਾਈ ਕਰਦਾ ਹੈ। ਗੁਰੂ ਨਾਨਕ ਆਖਦੇ ਹਨ,

ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥
ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
(ਗੁਰੂ ਨਾਨਕ)

ਗੁਰਮੁੱਖ ਬੰਦੇ ਜਾਗੇ ਰਹਿੰਦੇ ਹਨ ਅਤੇ ਆਪਣੇ ਅਭਿਮਾਨ ਮਿਟਾਉਂਦੇ ਹਨ।
ਉਹ ਰੋਜ਼ਾਨਾ 'ਭੋਰ' ਦੇ ਸੱਚੇ ਪਲ ਵਿੱਚ ਵਾਸ ਕਰਦੇ ਹਨ ਤਾਂ ਜੋ ਕਾਇਨਾਤੀ ਸੱਚ ਨਾਲ ਇੱਕ-ਮਿੱਕ ਹੋ ਸਕਣ।
(ਗੁਰੂ ਨਾਨਕ)

ਸਰਾਏਂ ਨਾਗਾ ਤੋਂ ਗੁਰੂ ਨਾਨਕ ਨੇ ਭਾਈ ਲਹਿਣਾ ਨੂੰ ਕਰਤਾਰਪੁਰ ਪਰਤ ਕੇ ਇੰਤਜ਼ਾਮ ਵੇਖਣ ਲਈ ਕਿਹਾ ਅਤੇ ਆਪ ਅਗਲੇ ਸਫ਼ਰ ਉੱਤੇ ਚਲ ਪਏ।

ਸਰਾਏਂ ਨਾਗਾ ਤੋਂ ਗੁਰੂ ਨਾਨਕ ਨੇ ਰਾਜਪੁਤਾਨਾ ਇਲਾਕੇ ਵਿੱਚ ਬੀਕਾਨੇਰ ਦਾ ਸਫ਼ਰ ਕੀਤਾ।

ਸਮੁੰਦਰ ਸਾ ਸਤਿਗੁਰੂ ਕੀਤਾ, ਔਰ ਦਿੱਤਾ ਅਬਿਚਲ ਗਿਆਨ ॥
ਜਹਾ ਦੇਖਾਂ ਤਹਾਂ ਇਕ ਹੀ, ਔਰ ਦੂਜਾ ਨਹੀਂ ਆਪ ॥

ਗੁਰੂ ਵਿਵੇਕ ਦਾ ਸਮੁੰਦਰ ਹੈ ਜੋ ਸਦੀਵੀ ਗਿਆਨ ਦਾ ਦਾਤਾ ਹੈ।
ਮੈਂ ਜਿਸ ਪਾਸੇ ਵੀ ਦੇਖਦਾ ਹਾਂ, ਸਭ ਇੱਕੋ ਹੈ ਅਤੇ ਦੂਜਾ ਕੋਈ ਨਹੀਂ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਰਾਏਂ ਨਾਗਾ ਤੋਂ ਬੀਕਾਨੇਰ ਜਾ ਰਹੇ ਹਾਂ।

ਅਬ ਥਾਰਾ ਲਾਲ ਸਮੁੰਦਰ, ਮੈ ਹੋ ਮਰਜੀਵਾਂ, ਲਾਲ ਲਿਆਵੈ ਹੋਵ ॥
ਅਰੇ ਭਾਈ ਦੇਸ਼ ਅਜਬ ਹੈ, ਨੁਗੜਾ ਠਗ ਨਾ ਪਾਇਆ, ਗੁਰ ਜੀ ॥
ਹਾਂ ਸੁਗੜਾ ਕੀ ਗਤੀ ॥

ਹੇ ਮਾਂ, ਹੁਣ ਤੇਰੇ ਲਾਲ ਨੇ ਗਿਆਨ ਦੇ ਸਮੁੰਦਰ ਵਿੱਚ ਚੁੱਭੀ ਲਗਾ ਲਈ ਹੈ ਅਤੇ ਉਹ ਵਿਵੇਕ ਦੇ ਮੋਤੀ ਹਾਸਿਲ ਕਰਨ ਲਈ ਦੁਨਿਆਵੀ ਲਾਲਸਾਵਾਂ ਤੋਂ ਉੱਪਰ ਉੱਠ ਗਿਆ ਹੈ।
ਓ ਭਾਈ, ਇਹ ਦੇਸ਼ ਅਜਬ ਹੈ। ਓ ਮੇਰੇ ਗੁਰੂ, ਵਿਵੇਕ ਤੋਂ ਬਿਨਾਂ ਇਸ ਦੇ ਰਹੱਸਾਂ ਦੀ ਥਾਹ ਨਹੀਂ ਪੈ ਸਕਦੀ। ਇਸ ਦਾ ਰਾਜ਼ ਵਿਵੇਕਵਾਨ ਹੀ ਖੋਲ੍ਹ ਸਕਦਾ ਹੈ।

ਬੀਕਾਨੇਰ ਇੰਡੀਆ ਦੇ ਸੂਬੇ ਰਾਜਸਥਾਨ ਵਿੱਚ ਹੈ ਜੋ ਪਾਕਿਸਤਾਨ ਦੀ ਸਰਹੱਦ ਦੇ ਲਾਗੇ ਹੈ। ਇਸ ਦਾ ਨਾਮ ਇਸ ਦੇ ਬਾਨੀ ਰਾਓ ਬੀਕਾ ਤੋਂ ਪਿਆ ਹੈ ਜੋ ਰਾਠੌਰ ਵੰਸ਼ ਤੋਂ ਮੇਵਾੜ ਦੀ ਰਿਆਸਤ ਦੇ ਰਾਜਾ ਸਨ। ਉਨ੍ਹਾਂ ਨੇ ਪੰਦਰ੍ਹਵੀਂ ਸਦੀ ਵਿੱਚ ਇਸ ਇਲਾਕੇ ਦੇ ਕਿਲ੍ਹੇ ਵਿੱਚ ਛੋਟੀ ਜਿਹੀ ਥਾਂ ਵਸਾਈ ਸੀ। ਉਸ ਵੇਲੇ ਇਹ ਇਲਾਕਾ 'ਜੰਗਲਦੇਸ਼' ਕਹਾਉਂਦਾ ਸੀ।

ਦੇਸ਼ ਅਜਬ ਹੈ, ਨੁਗੜਾ ਠਗ ਨਾ ਪਾਇਆ, ਗੁਰ ਜੀ ॥

ਇਹ ਦੇਸ਼ ਅਜਬ ਹੈ। ਵਵੇਕ ਤੋਂ ਬਿਨਾਂ ਕੋਈ ਇਸ ਦੇ ਰਹੱਸ ਨਹੀਂ ਬੁੱਝ ਸਕਦਾ, ਓ ਮੇਰੇ ਗੁਰੂ।

**ਅਮਰਦੀਪ ਸਿੰਘ:** ਥਾਰ ਮਾਰੂਥਲ ਦੇ ਵਿਚਕਾਰ ਬੀਕਾਨੇਰ ਅਮੀਰ ਵਿਰਸੇ ਅਤੇ ਤਹਿਜ਼ੀਬ ਵਾਲਾ ਸ਼ਹਿਰ ਸੀ। ਜਦੋਂ ਗੁਰੂ ਨਾਨਕ ਇਸ ਸ਼ਹਿਰ ਵਿੱਚ ਆਏ ਸਨ ਤਾਂ ਇਹ ਸੌਦਾਗਰਾਂ ਅਤੇ ਜ਼ਿਆਰਤੀਆਂ ਦਾ ਮਰਕਜ਼ ਸੀ ਕਿਉਂਕਿ ਇਹ ਮਰਕਜ਼ੀ ਏਸ਼ੀਆ ਦੇ ਸੌਦਾਗਰ ਰਾਹ ਉੱਤੇ ਪੈਂਦਾ ਸੀ।

ਇਤਿਹਾਸਕ ਤੌਰ ਉੱਤੇ ਰਾਜਸਥਾਨੀ ਤਹਿਜ਼ੀਬ ਵਿੱਚ ਕੁਦਰਤ ਦੇ ਤੱਤਾਂ ਦੀ ਅਕੀਦਤ ਹੁੰਦੀ ਸੀ। ਬਾਅਦ ਵਿੱਚ ਮਹਾਂਰਾਸ਼ਟਰ ਦੇ 'ਮਹਾਨੂਭਾਵੀ' ਅਤੇ 'ਵਰਕਾਰੀਪੰਥੀਆਂ' ਰਾਹੀਂ ਵਿਸ਼ਨੂੰ ਮਤ ਦਾ ਅਸਰ ਹੋਇਆ ਅਤੇ ਵਿਸ਼ਨੂੰ ਭਗਵਾਨ ਦੀ ਪੂਜਾ ਹੋਣ ਲੱਗੀ।

ਇਸ ਇਲਾਕੇ ਵਿੱਚ ਜੈਨ ਮੱਤ ਦਾ ਵੀ ਅਸਰ ਹੋਇਆ। ਇਸੇ ਕਾਰਨ ਬੀਕਾਨੇਕ ਵਿੱਚ ਵੱਖ-ਵੱਖ ਰੀਤਾਂ ਨਾਲ ਜੁੜੇ ਮੰਦਿਰਾਂ ਦੀ ਦਿਲਚਸਪ ਲੜੀ ਹੈ।

ਬੀਕਾਨੇਰ ਪਿੰਡ ਵਿੱਚ ਗੁਰੂ ਨਾਨਕ ਦੀ ਮੁਲਾਕਾਤ 'ਵਿਸ਼ਨੂੰ ਮਤੀਆਂ' ਨਾਲ ਹੋਈ ਜੋ ਭਗਵਾਨ ਵਿਸ਼ਨੂੰ ਦੇ ਸ਼ਰਧਾਲੂ ਸਨ। ਪਿੰਡ ਵਾਸੀਆਂ ਨੇ ਪੁੱਛਿਆ ਕਿ ਅਭਿਲਾਸ਼ੀ ਨੂੰ ਇਲਾਹੀ ਨਾਲ ਮਿਲਾਉਣ ਵਾਲੇ ਕਈ ਰਾਹ ਹਨ ਪਰ ਸਭ ਤੋਂ ਵਾਜਿਬ ਰਾਹ ਕਿਹੜਾ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥
ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ॥
ਮੈ ਓਲ੍ਗੀਆ ਓਲ੍ਗੀ ਹਮ ਛੋਰੂ ਥਾਰੇ॥
ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ॥
(ਰਾਗ ਆਸਾ, ਗੁਰੂ ਨਾਨਕ)

ਮੇਰਾ ਠਾਕੁਰ ਖ਼ੂਬਸੂਰਤ ਹੈ ਅਤੇ ਉਸ ਦੇ ਰੂਹਾਨੀ ਬੋਲ ਖ਼ੂਬਸੂਰਤ ਹਨ।
ਸੱਚਾ ਗੁਰੂ ਵਡਭਾਗੀਆਂ ਨੂੰ ਮਿਲਦਾ ਹੈ ਜੋ ਰੌਸ਼ਨਖ਼ਿਆਲੀ ਦਾ ਰਾਹ ਦਰਸਾਉਂਦਾ ਹੈ।
ਮੈਂ ਤਾਂ ਤੇਰੇ ਸਭ ਤੋਂ ਨੀਵੇਂ ਦਾਸ ਦਾ ਦਾਸ ਹਾਂ। ਮੈਂ ਨਿਮਾਣਾ ਸੇਵਕ ਹਾਂ।
ਤੂੰ ਜਿਵੇਂ ਰੱਖੇਂ, ਮੈਂ ਉਵੇਂ ਰਹਿੰਦਾ ਹਾਂ।
ਮੇਰਾ ਮੁਹਾਣ ਆਤਮ-ਪੜਚੋਲ ਵਾਲੇ ਪਾਸੇ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਨਿਮਰਤਾ, ਸੋਚ-ਵਿਚਾਰ ਅਤੇ ਕੁਦਰਤ ਦੇ ਨੇਮ ਮੁਤਾਬਕ ਜਿਉਂਣ ਦਾ ਰਾਹ ਹੀ ਸਭ ਤੋਂ ਚੰਗਾ ਹੈ।

ਬੀਕਾਨੇਰ ਦੇ ਹੀ ਦੂਜੇ ਪਿੰਡ ਵਿੱਚ 'ਵਿਸ਼ਨੂੰ ਮਤੀਆਂ' ਦੇ ਇੱਕ ਟੋਲੇ ਨੇ ਗੁਰੂ ਨਾਨਕ ਦੀ ਮਹਿਮਾਨ-ਨਿਵਾਜ਼ੀ ਕੀਤੀ। ਗੋਸ਼ਟਿ ਦੌਰਾਨ 'ਵਿਸ਼ਨੂੰ ਮਤੀਆਂ' ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਜਨਮ ਤੋਂ ਮੌਤ ਦੇ ਸਫ਼ਰ ਵਿੱਚ ਜ਼ਿੰਦਗੀ ਦਾ ਬੁਨਿਆਦੀ ਮਕਸਦ ਕੀ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਅੰਧੁਲੇ ਕਿਆ ਪਾਇਆ ਜਗਿ ਆਇ॥
ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ॥
(ਰਾਗੁ ਭੈਰਉ, ਗੁਰੂ ਨਾਨਕ)

ਹੇ ਅਗਿਆਨੀ ਮਨੁੱਖ, ਤੂੰ ਇਸ ਜੱਗ ਵਿੱਚ ਆ ਕੇ ਕੀ ਹਾਸਿਲ ਕੀਤਾ ਹੈ?
ਤੇਰੇ ਹਿਰਦੇ ਵਿੱਚ ਸਿਰਜਣਹਾਰ ਦਾ ਤੱਤ ਨਹੀਂ ਵੱਸਿਆ ਅਤੇ ਬੇਗ਼ਰਜ਼ ਸੇਵਾ ਤੇਰੀ ਤਾਂਘ ਨਹੀਂ ਹੈ
ਜਨਮ ਦਾ ਸਤ ਹੀ ਗੁਆਚ ਗਿਆ ਹੈ।
(ਰਾਗ ਭੈਰਉ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨੁੱਖਾ ਜ਼ਿੰਦਗੀ ਦਾ ਬੁਨਿਆਦੀ ਮਕਸਦ ਉਹ ਵਿਵੇਕ ਹਾਸਿਲ ਕਰਨਾ ਹੈ ਜਿਹੜਾ ਸਮੁੱਚੀ ਕਾਇਨਾਤ ਦੀ ਸਿਰਜਣਾ ਨੂੰ ਇੱਕ ਜਾਣਦਾ ਹੈ।

ਅਸੀਂ ਹੁਣ ਬੀਕਾਨੇਰ ਦੇ ਬੜਾ ਬਾਜ਼ਾਰ ਵਿੱਚ ਅਕੀਦਤ ਵਾਲੇ ਇੱਕ ਅਸਥਾਨ ਉੱਤੇ ਜਾ ਰਹੇ ਹਾਂ।

**ਅਮਰਦੀਪ ਸਿੰਘ:** 'ਨਾਨਕਪੰਥੀਆਂ' ਨੇ ਗੁਰੂ ਨਾਨਕ ਦੇ ਇਸ ਸ਼ਹਿਰ ਵਿੱਚ ਆਉਣ ਦੀ ਯਾਦ ਵਿੱਚ ਸਭ ਮਜ਼ਹਬਾਂ ਲਈ ਸਾਂਝਾ ਇਹ ਅਸਥਾਨ ਬਣਾਇਆ।

ਰਾਜਸਥਾਨ ਦੀ ਸਿੰਧੀ ਬਰਾਦਰੀ ਸੱਤਯ ਨਾਰਾਇਣ ਦੀ ਸ਼ਰਧਾਲੂ ਹੈ ਜੋ ਹਿੰਦੂ ਦਸਤੂਰ ਵਿੱਚ ਇਲਾਹੀ ਦਾ ਇੱਕ ਰੂਪ ਹੈ। ਇਸ ਦੇ ਨਾਲ ਹੀ ਸਿੰਧੀ ਬਰਾਦਰੀ ਗੁਰੂ ਨਾਨਕ ਦੀ ਵੀ ਸ਼ਰਧਾਲੂ ਹੈ। ਇਸ ਸੱਤਯ ਨਾਰਾਇਣ ਮੰਦਿਰ ਵਿੱਚ ਗੁਰੂ ਨਾਨਕ ਅਤੇ ਸੱਤਯ ਨਾਰਾਇਣ ਦੀ ਅਕੀਦਤ ਕੀਤੀ ਜਾਂਦੀ ਹੈ।

ਬੀਕਾਨੇਰ ਦੇ ਬਾਹਰ ਕੋਲਾਇਤ ਵਿੱਚ ਹਿੰਦੂਆਂ ਦਾ ਇਤਿਹਾਸਕ ਤੀਰਥ ਅਸਥਾਨ ਹੈ। ਕਪਿਲ ਸਰੋਵਰ ਦੇ ਕੰਢੇ ਬਣਿਆ ਮੰਦਿਰ ਕਪਿਲ ਮੁਨੀ ਨੂੰ ਮਨਸੂਬ ਹੈ ਜੋ ੫੦੦ ਈਸਾ ਪੂਰਬ ਦੇ ਪੁਰਾਤਨ ਮੁਨੀ ਹਨ। ਉਨ੍ਹਾਂ ਨੂੰ ਸਾਂਖਿਆ ਦਰਸ਼ਨ ਦੇ ਬਾਨੀ ਮੰਨਿਆ ਜਾਂਦਾ ਹੈ ਜੋ ਇੰਡੀਕ ਫ਼ਸਲਫ਼ੇ ਦੇ ਛੇ ਸਿਲਸਿਲਿਆਂ ਵਿੱਚੋਂ ਇੱਕ ਹੈ। ਇਹ ਮੰਨਿਆ ਜਾਂਦਾ ਹੈ ਕਿ ਕਪਿਲ ਮੁਨੀ ਨੇ ਇਸ ਅਸਥਾਨ ਉੱਤੇ ਸਰੀਰ ਤਿਆਗਿਆ ਸੀ।

ਕਪਿਲ ਸਰੋਵਰ ਦੇ ਕੰਢੇ ਉੱਤੇ ਗੁਰੂ ਨਾਨਕ ਨੇ ਜੈਨ ਬਰਾਦਰੀ ਦੇ ਲੋਕਾਂ ਅਤੇ ਸੰਤ ਕਪਿਲ ਦੇ ਪੈਰੋਕਾਰਾਂ ਨਾਲ ਗੋਸ਼ਟਿ ਕੀਤਾ।

ਕਪਿਲ ਸਰੋਵਰ ਦੇ ਕੰਢੇ ਕੋਲਾਇਤ ਵਿੱਚ ਇਹ ਗੁਰਦਵਾਰਾ ਗੁਰੂ ਨਾਨਕ ਦੇ ਇਸ ਅਸਥਾਨ ਉੱਤੇ ਆਉਣ ਦੀ ਯਾਦ ਵਿੱਚ ਬਣਾਇਆ ਗਿਆ।

ਜੈਨੀ ਸ਼ਰਧਾਲੂਆਂ ਨੇ ਆਪਣੇ ਸ਼ੰਕਾਵਾਦੀ ਫ਼ਲਸਫ਼ੇ ਦੀ ਗੱਲ ਕੀਤੀ ਜੋ ਪ੍ਰਮਾਤਾਮਾ ਦੀ ਹੋਂਦ ਜਾਂ ਅਣਹੋਂਦ ਬਾਰੇ ਕਿਸੇ ਤਰ੍ਹਾਂ ਦੀ ਰਾਇ ਨਾ ਹੋਣ ਦਾ ਦਾਅਵਾ ਕਰਦੀ ਹੈ। ਕਪਿਲ ਮੁਨੀ ਦੇ ਪੈਰੋਕਾਰਾਂ ਨੇ 'ਸਾਂਖਿਆ' ਫ਼ਲਸਫ਼ਾ ਦਾ ਬਿਆਨੀਆ ਦਿੱਤਾ ਜੋ ਸਿਰਜਣਾ ਦੇ ਦੋ ਆਜ਼ਾਦਾਨਾ ਪੱਖਾਂ ਬਾਰੇ ਸਿੱਖਿਆ ਦਿੰਦਾ ਹੈ; 'ਪੁਰੁਸ਼' ਨਿਰੋਲ ਚੇਤਨਾ ਅਤੇ 'ਪ੍ਰਕ੍ਰਿਤੀ' ਭੌਤਕਿ ਪਦਾਰਥ ਹੈ। ਗੁਰੂ ਨਾਨਕ ਨੇ ਵਹਿਦਤ ਬਾਰੇ ਆਪਣੀ ਸੋਚ ਦਾ ਇਜ਼ਹਾਰ 'ਕਰਤਾ ਪੁਰਖ' ਦੇ ਲਫ਼ਜ਼ਾਂ ਨਾਲ ਕੀਤਾ ਕਿ 'ਕਰਤਾ' ਹੀ ਸਿਰਜਣਹਾਰ ਵਜੋਂ ਪਦਾਰਥ ਦੇ ਰੂਪ ਵਿੱਚ ਜ਼ਾਹਿਰ ਹੁੰਦਾ ਹੈ। 'ਕਰਤਾ ਪੁਰਖ' ਅਤੇ 'ਪੁਰੁਸ਼' ਇੱਕੋ ਹਨ ਜੋ ਇਲਾਹੀ ਚੇਤਨਾ ਹੈ। ਗੁਰੂ ਨਾਨਕ ਨੇ ਗਾਇਨ ਕੀਤਾ,

ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ॥
ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ॥
ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ॥
ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ॥
(ਰਾਗ ਮਾਰੂ, ਗੁਰੂ ਨਾਨਕ)

ਅਬਿਨਾਸ਼ੀ ਹਾਜ਼ਰਾ-ਹਜ਼ੂਰ ਦੇ ਹਰ ਥਾਂ ਦਰਸ ਕਰੋ। ਪਦਾਰਥ ਨਾਲ ਲਾਗ ਵਿੱਚੋਂ ਦੁੱਖ ਉਪਜਦਾ ਹੈ।
ਤੂੰ ਨਾਕਾਰੀ ਸੋਚ ਨਾਲ ਭਰ ਕੇ ਦੁਨਿਆਵੀ ਸਮੁੰਦਰ ਪਾਰ ਕਰਨ ਦਾ ਉਪਰਾਲਾ ਕਰਦਾ ਹੈਂ ਜਿਸ ਕਾਰਨ ਕੋਈ ਪੂੰਜੀ ਤੇਰੇ ਨਾਲ ਨਹੀਂ ਜਾਣੀ।
ਆਤਮ-ਪੜਚੋਲ ਹੀ ਸੱਚੀ ਪੂੰਜੀ ਹੈ। ਇਹ ਦੌਲਤ ਅਮੁੱਕ ਅਤੇ ਅਨੰਤ ਹੈ।
ਨਾਨਕ ਨੇ ਆਖਿਆ ਕਿ ਇਹ ਵਣਜ ਨਿਰਮਲ ਹੈ। ਉਹ ਸ਼ਾਹੂਕਾਰ ਧੰਨ ਹੈ ਜੋ ਇਸ ਵਣਜ ਦਾ ਵਪਾਰ ਕਰਦਾ ਹੈ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨੁੱਖਾ ਜ਼ਿੰਦਗੀ ਦਾ ਬੁਨਿਆਦੀ ਮਕਸਦ ਕੁਦਰਤ ਦੀ ਸਦੀਵੀ ਹੋਂਦ ਅਤੇ ਸਿਰਜਣਾ ਦੀ ਹਾਜ਼ਰਾ-ਹਜ਼ੂਰੀ ਹੈ।

ਇੰਡੀਆ ਦੇ ਰਾਜਸਥਾਨ ਅਤੇ ਪਾਕਿਸਤਾਨ ਦੇ ਸਿੰਧ ਵਿੱਚ ਫੈਲੇ ਮਾਰੂਥਲ ਨੂੰ 'ਮਾਰੂ' ਕਿਹਾ ਜਾਂਦਾ ਹੈ ਇਸ ਸ਼ਬਦ ਦਾ ਨਾਤਾ ਖ਼ੁਸ਼ਕ, ਸੁੱਕੇ, ਰੇਤੀਲੇ ਅਤੇ ਢੱਕੇ ਵਾਲੇ ਮਾਹੌਲ ਨਾਲ ਹੈ। ਰੂਹਾਨੀ ਆਰਜ਼ੂਮੰਦਾ ਦੀਆਂ ਰਵਾਇਤਾਂ ਵਿੱਚ 'ਮਾਰੂ' ਦਾ ਮਾਅਨਾ ਮਨ ਦੀ ਹਾਲਤ ਨਾਲ ਹੈ ਜਿਸ ਵਿੱਚ ਵਿਵੇਕ ਹੋਣ ਤੇ ਬਾਵਜੂਦ ਆਤਮ-ਪੜਚੋਲ ਦਾ ਸੋਕਾ ਪਿਆ ਹੈ, ਜਿਸ ਲਈ ਮਨੁੱਖ ਨੂੰ ਚੇਤਨਾ ਦੇ ਮੀਂਹ ਦੀ ਖੋਹ ਪੈਂਦੀ ਹੈ।

ਮੌਸਿਕੀ ਸਰੋਤੇ ਵਿੱਚ ਕਈ ਹਮਦਿਲੀ ਦੇ ਜਜ਼ਬਾਤ ਜਗਾਉਂਦੀ ਹੈ। ਇਸ ਸੋਕੇ ਵਾਲੇ 'ਮਾਰੂ' ਇਲਾਕੇ ਵਿੱਚ ਸਫ਼ਰ ਕਰਦੇ ਹੋਏ ਮੇਰਾ 'ਮਾਰੂ' ਮਨ ਗੁਰੂ ਨਾਨਕ ਦੇ ਮਾਝ ਰਾਗ ਵਿੱਚ ਡੁੱਬ ਜਾਂਦਾ ਹੈ। ਰਾਗ ਮਾਝ ਮੌਸਿਕੀ ਦਾ ਇਹ ਬੁਨਿਆਦੀ ਚੌਖਟਾ ਹੈ ਜੋ ਵੈਰਾਗ ਅਤੇ ਵਿਛੋੜੇ ਦੀ ਪੀੜ ਹੱਡੀਂ-ਹੰਢਾਉਣ ਤੋਂ ਬਾਅਦ ਇਲਾਹੀ ਨਾਲ ਮੇਲ਼ ਦੀ ਉਮੀਦ ਜਗਾਉਂਦਾ ਹੈ।

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥
(ਰਾਗ ਮਾਝ, ਗੁਰੂ ਨਾਨਕ)

ਮਾਰੂਥਲ ਮੀਂਹ ਨਾਲ ਤ੍ਰਿਪਤ ਨਹੀਂ ਹੁੰਦਾ ਅਤੇ ਲਾਲਸਾ ਨਾਲ ਅੱਗ ਨਹੀਂ ਬੁਝਦੀ।
ਰਾਜਾ ਰਾਜ ਨਾਲ ਤ੍ਰਿਪਤ ਨਹੀਂ ਹੁੰਦਾ। ਸਮੁੰਦਰ ਦਾ ਪਾਣੀ ਕਦੇ ਛਲਕਦਾ ਨਹੀਂ।
ਨਾਨਕ ਨੇ ਆਖਿਆ ਕਿ ਮੈਂ ਸੱਚੇ ਵਿਵੇਕ ਦੀ ਅਭਿਲਾਸ਼ਾ ਕਦੇ ਘਟ ਨਹੀਂ ਹੋਣੀ ਚਾਹੀਦੀ।
(ਰਾਗ ਮਾਝ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨੩: ਗੁਰੂ ਚੇਲਾ (ਮੁਰਸ਼ਦ ਅਤੇ ਅਭਿਲਾਸ਼ੀ)

ਇਹ ਐਪੀਸੋਡ ਉਨ੍ਹਾਂ ਮੁੱਖ ਚਰਚਾ ਬਿੰਦੂਆਂ ਨੂੰ ਉਜਾਗਰ ਕਰਦਾ ਹੈ ਜੋ ਗੁਰੂ ਨਾਨਕ ਦੇ ਜੀਵਨ ਦੇ ਇਤਿਹਾਸਕ ਸੰਦਰਭ, ਦਾਰਸ਼ਨਿਕ ਡੂੰਘਾਈ ਅਤੇ ਅਧਿਆਤਮਿਕ ਸੂਝ ਦੀ ਪੜਚੋਲ ਕਰਨ ਲਈ ਇਕ ਪ੍ਰਭਾਵਸ਼ਾਲੀ ਢਾਂਚਾ ਸਿਰਜਦੇ ਹਨ। ਕਰਤਾਰਪੁਰ ਵਿਖੇ ਭਾਈਚਾਰੇ ਦੀ ਸਥਾਪਨਾ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ, ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਉਨ੍ਹਾਂ ਦੀ ਵਾਰਤਾਲਾਪ, ਅਤੇ ਭਾਈ ਮਰਦਾਨਾ ਅਤੇ ਭਾਈ ਲਹਿਣਾ ਨਾਲ ਉਨ੍ਹਾਂ ਦੇ ਸੰਬੰਧਾਂ ਦੀ ਜਾਂਚ ਕਰਕੇ, ਅਸੀਂ ਦੇਖ ਸਕਦੇ ਹਾਂ ਕਿ ਗੁਰੂ ਨਾਨਕ ਦਾ ਦਰਸ਼ਨ ਵਿਵਹਾਰਿਕ ਰੂਪ ਵਿਚ ਕਿਵੇਂ ਸਾਹਮਣੇ ਆਇਆ। ਇਹ ਦਾਰਸ਼ਨਿਕ ਖੋਜ ਉਨ੍ਹਾਂ ਦੇ ਮੂਲ ਸਿਧਾਂਤਾਂ, ਰੂਹਾਨੀ ਮਾਰਗਦਰਸ਼ਨ ਪ੍ਰਾਪਤ ਕਰਨ ਦੇ ਨਵੇਂ ਦ੍ਰਿਸ਼ਟਿਕੋਣਾਂ, ਸੰਤੁਲਿਤ ਜੀਵਨ ਜੀਉਣ ਦੀ ਜੀਵਨ ਸ਼ੈਲੀ, ਅਤੇ ਏਕਈਸ਼ਵਰਵਾਦ ਦੀ ਥਾਂ ਅਦਵੈਤਵਾਦ ਵਿਚ ਨਿਹਿਤ ਉਨ੍ਹਾਂ ਦੇ ਵਿਸ਼ਵਵਿਆਪੀ ਸਿਧਾਂਤ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਉੱਤਰੀ ਭਾਰਤ ਅਤੇ ਪਾਕਿਸਤਾਨ ਵਿਚ ਫੈਲ੍ਹੇ ਇਤਿਹਾਸਕ ਸਥਾਨ, ਜੋ ਉਨ੍ਹਾਂ ਦੀ ਵਿਰਾਸਤ ਨੂੰ ਸਮਰਪਿਤ ਹਨ, ਉਨ੍ਹਾਂ ਦੇ ਯਾਤਰਾ ਮਾਰਗ ਅਤੇ ਦਰਸ਼ਨ ਦੇ ਸਥਾਈ ਪ੍ਰਭਾਵ ਦੀ ਗਵਾਹੀ ਦਿੰਦੇ ਹਨ, ਭਾਵੇਂ ਰਾਜਨੀਤਿਕ ਸਰਹੱਦਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਹੋਵੇ। ਇਹ ਚਰਚਾ ਨੁਕਤੇ ਦੱਸਦੇ ਹਨ ਕਿ ਗੁਰੂ ਨਾਨਕ ਦਾ ਸਮੁੱਚਾ ਦ੍ਰਿਸ਼ਟੀਕੋਣ ਕਿਵੇਂ ਰੂਹਾਨੀ ਬਿਬੇਕ ਨੂੰ ਵਿਵਹਾਰਿਕ ਜੀਵਨ ਨਾਲ ਜੋੜਦਾ ਹੈ ਅਤੇ ਅੱਜ ਦੇ ਜੀਵਨ ਲਈ ਕਿੰਨਾ ਸਾਰਥਕ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਪਣਾਉਣਾ ਨਾਲ ਅੱਜ ਸਾਡਾ ਜੀਵਨ ਅਮੀਰ ਬਣਾਇਆ ਜਾ ਸਕਦਾ ਹੈ ਅਤੇ ਇਸ ਨਾਲ ਏਕਤਾ ਅਤੇ ਰੂਹਾਨੀਅਤ ਦੀ ਗੂੜ੍ਹ ਸੂਝ ਨੂੰ ਪ੍ਰੇਰਿਤ ਕੀਤਾ ਜਾ ਸਕਦਾ ਹੈ।



ਈਮੇਲ: onenessindiversityfoundation@gmail.com

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੇ ਜੀਵਨ ਵਿਚ ਕਰਤਾਰਪੁਰ ਦਾ ਕੀ ਮਹੱਤਵ ਸੀ, ਅਤੇ ਇਹ ਨਵੀਨ ਟਕਸਾਲ ਇਕ ਸਦਭਾਵਨਾਪੂਰਨ, ਵੰਨ ਸੁਵੰਨਤਾ ਭਰਪੂਰ ਭਾਈਚਾਰੇ ਨੂੰ ਸਿਰਜਣ ਵਿਚ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦੀ ਹੈ?

ਵੱਖ-ਵੱਖ ਦੂਰਦਰਾਜ਼ ਸਥਾਨਾਂ ਦੀਆਂ ਸਾਲਾਂ ਲੰਬੀਆਂ ਮਹੱਤਵਪੂਰਨ ਯਾਤਰਾਵਾਂ ਤੋਂ ਬਾਅਦ, ਗੁਰੂ ਨਾਨਕ ਨੇ ਰਾਵੀ ਦਰਿਆ ਦੇ ਕਿਨਾਰੇ ਇਕ ਰਮਨੀਕ ਸਥਾਨ ਚੁਣਿਆ, ਜਿਸਨੂੰ ਪਹਿਲਾਂ ਜੰਮਨਵਾਲੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਬਾਅਦ ਵਿਚ ਇਸ ਦਾ ਨਾਮ ਕਰਤਾਰਪੁਰ ਰੱਖਿਆ ਗਿਆ। ਇਸ ਸ਼ਾਂਤ ਵਾਤਾਵਰਣ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਅਠਾਰਾਂ ਸਾਲ ਇਕ ਕਿਸਾਨ ਵਜੋਂ ਗੁਜ਼ਾਰੇ, ਆਪਣੇ ਪਰਿਵਾਰ ਦੀ ਸੇਵਾ ਕਰਦਿਆਂ ਭਾਈਚਾਰੇ ਦੀ ਭਲਾਈ ਲਈ ਆਪਣਾ ਅਨੁਭਵੀ ਗਿਆਨ ਸਾਂਝਾ ਕੀਤਾ। ਇਹ ਬਸਤੀ ਵਿਵਹਾਰਕ ਤੌਰ 'ਤੇ ਗੁਰੂ ਨਾਨਕ ਦੇ ਭਾਈਚਾਰਕ ਜੀਵਨ ਅਤੇ ਰੂਹਾਨੀ ਅਭਿਆਸ ਦੇ ਸਿਧਾਂਤ ਨੂੰ ਕਿਵੇਂ ਦਰਸਾਉਂਦੀ ਹੈ?

੨. ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਦੁਆਰਾ ਵੱਖ-ਵੱਖ ਧਾਰਮਿਕ ਭਾਈਚਾਰਿਆਂ ਨਾਲ ਰਚਾਏ ਸੰਵਾਦ ਨੇ ਉਨ੍ਹਾਂ ਦੇ ਵਿਲੱਖਣ ਅੰਤਰਧਾਰਮਿਕ ਦਰਸ਼ਨ ਨੂੰ ਕਿਵੇਂ ਗੂੜ੍ਹ ਅਤੇ ਅਮੀਰ ਬਣਾਇਆ?

ਇਹ ਐਪੀਸੋਡ ਵੱਖ-ਵੱਖ ਪਰੰਪਰਾਵਾਂ ਦੇ ਧਾਰਮਿਕ ਆਗੂਆਂ ਨਾਲ ਗੁਰੂ ਨਾਨਕ ਦੀਆਂ ਮੁਲਾਕਾਤਾਂ ਨੂੰ ਉਜਾਗਰ ਕਰਦਾ ਹੈ, ਜਿਵੇਂ ਕਿ ਕਠਾਲਾ ਵਿਚ ਸੂਫ਼ੀ ਫ਼ਕੀਰ ਪੀਰ ਅਬਦੁਲ ਰਹਿਮਾਨ ਅਤੇ ਮੀਆਂ ਮਿੱਠਾ ਸਿਆਲ, ਅਚਲ ਬਟਾਲਾ ਵਿਚ ਜੋਗੀ ਭੰਗਰ ਨਾਥ, ਬੀਕਾਨੇਰ ਵਿਚ ਵੈਸ਼ਣਵ ਜਨ ਅਤੇ ਕੋਲਾਯਤ ਵਿਚ ਜੈਨ ਸ਼ਰਧਾਲੂ। ਇਹ ਸੰਵਾਦ ਗੁਰੂ ਨਾਨਕ ਦੇ ਅੰਤਰਧਾਰਮਿਕ ਵਾਰਤਾਲਾਪ ਦੇ ਦ੍ਰਿਸ਼ਟੀਕੋਣ ਅਤੇ ਵੱਖ-ਵੱਖ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਨਾਲ ਸਤਿਕਾਰ ਸਹਿਤ ਜੁੜਨ ਦੀ ਉਨ੍ਹਾਂ ਦੀ ਸਮਰਥਾ ਬਾਰੇ ਕੀ ਦਰਸਾਉਂਦੇ ਹਨ?

੩. ਗੁਰੂ ਨਾਨਕ ਦੀ ਯਾਤਰਾ ਵਿਚ ਭਾਈ ਮਰਦਾਨਾ ਦੀ ਕੀ ਭੂਮਿਕਾ ਰਹੀ, ਅਤੇ ਉਨ੍ਹਾਂ ਦੀ ਵਿਰਾਸਤ ਨੂੰ ਕਿਵੇਂ ਸੰਭਾਲਿਆ ਗਿਆ ਹੈ?

ਗੁਰੂ ਨਾਨਕ ਦੀਆਂ ਯਾਤਰਾਵਾਂ ਵਿਚ ਭਾਈ ਮਰਦਾਨਾ ਨੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 'ਸੰਗਤ'(ਭਾਈਚਾਰੇ) ਦੀ ਇਕ ਵਿਲੱਖਣ ਉਦਾਹਰਨ ਪੇਸ਼ ਕੀਤਾ। ਉਨ੍ਹਾਂ ਦਾ ਅਟੱਲ ਸਾਥ

---

ਏਕਤਾ ਦੇ ਸ਼ਕਤੀਸ਼ਾਲੀ ਸੁਨੇਹੇ ਨੂੰ ਫੈਲਾਉਣ ਵਿਚ ਸਹਾਇਕ ਰਿਹਾ। ਉਨ੍ਹਾਂ ਦੀ ਇਹ ਇੱਛਾ ਸੀ ਕਿ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਨਾਂ ਤੇ ਕੋਈ ਸਮਾਰਕ ਨਾ ਬਣਾਇਆ ਜਾਵੇ, ਫਿਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਵੱਲੋਂ ਦਿੱਤੇ ਗਏ ਯੋਗਦਾਨ ਰਾਹੀਂ ਉਨ੍ਹਾਂ ਦਾ ਪ੍ਰਭਾਵ ਅੱਜ ਵੀ ਬਰਕਰਾਰ ਹੈ। ਗੁਰੂ ਨਾਨਕ ਨਾਲ ਭਾਈ ਮਰਦਾਨਾ ਦਾ ਸੰਬੰਧ ਰੂਹਾਨੀ ਸਾਥ ਦੀ ਧਾਰਣਾ ਨੂੰ ਕਿਵੇਂ ਦਰਸਾਉਂਦਾ ਹੈ?

੪. ਗੁਰੂ ਨਾਨਕ ਅਤੇ ਭਾਈ ਲਹਿਣਾ ਵਿਚਕਾਰ ਸੰਬੰਧ ਕਿਵੇਂ ਵਿਕਸਿਤ ਹੋਇਆ, ਅਤੇ ਇਹ ਰੂਹਾਨੀ ਉਤਰਾਧਿਕਾਰੀ ਬਾਰੇ ਕੀ ਦਰਸਾਉਂਦਾ ਹੈ?

ਖਡੂਰ ਪਿੰਡ ਦੇ ਨਿਵਾਸੀ ਭਾਈ ਲਹਿਣਾ, ਇਕ ਸਾਲਾਨਾ ਤੀਰਥ ਯਾਤਰਾ ਉਪਰ ਜਾਂਦੇ ਹੋਏ ਕਰਤਾਰਪੁਰ ਵਿਖੇ ਗੁਰੂ ਨਾਨਕ ਨਾਲ ਮਿਲੇ। ਗੁਰੂ ਨਾਨਕ ਦੇ ਗੂੜ੍ਹ ਦਰਸ਼ਨ ਤੋਂ ਤੁਰੰਤ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਉਨ੍ਹਾਂ ਦੇ ਨਾਲ ਰਹਿਣ ਦਾ ਫੈਸਲਾ ਕੀਤਾ। ਜਿਵੇਂ-ਜਿਵੇਂ ਉਨ੍ਹਾਂ ਦਾ ਸੰਬੰਧ ਮਜ਼ਬੂਤ ਹੋਇਆ, ਭਾਈ ਲਹਿਣਾ ਨੂੰ 'ਗੁਰੂ ਅੰਗਦ'ਦੀ ਮਾਣਯੋਗ ਉਪਾਧੀ ਮਿਲੀ। ਇਹ ਐਪੀਸੋਡ ਗੁਰੂ ਨਾਨਕ ਨੂੰ ਮਾਰਗਦਰਸ਼ਕ ਅਤੇ ਭਾਈ ਲਹਿਣਾ ਨੂੰ ਸਾਧਕ ਵਜੋਂ ਪੇਸ਼ ਕਰਦਾ ਹੈ ਜਿਨ੍ਹਾਂ ਨੇ ਆਪਣਾ ਰੂਹਾਨੀ ਰਿਸ਼ਤਾ ਗੰਢਿਆ। ਇਹ ਤਬਦੀਲੀ ਗੁਰੂ ਨਾਨਕ ਦੇ ਮਾਰਗਦਰਸ਼ਨ ਪ੍ਰਤੀ ਪਹੁੰਚ ਅਤੇ ਵਿਸ਼ਵ ਵਿਆਪੀ ਏਕਤਾ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੇ ਨਿਰੰਤਰ ਵਧਦੇ ਰਹਿਣ ਬਾਰੇ ਕੀ ਪ੍ਰਗਟ ਕਰਦੀ ਹੈ?

੫. ਐਪੀਸੋਡ ਵਿਚ ਦਰਸਾਏ ਇਤਿਹਾਸਕ ਸਥਾਨ ਗੁਰੂ ਨਾਨਕ ਦੀ ਵਿਰਾਸਤ ਨੂੰ ਕਿਵੇਂ ਸੰਭਾਲਦੇ ਅਤੇ ਯਾਦ ਕਰਦੇ ਹਨ?

ਇਹ ਐਪੀਸੋਡ ਉੱਤਰੀ ਭਾਰਤ ਵਿਚ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਯਾਦ ਵਿਚ ਬਣਾਏ ਗਏ ਕਈ ਗੁਰਦੁਆਰਿਆਂ ਅਤੇ ਸਮਾਰਕਾਂ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਵਿਚ ਗੁਰਦੁਆਰਾ ਡੇਰਾ ਬਾਬਾ ਨਾਨਕ, ਗੁਰਦੁਆਰਾ ਚੋਲਾ ਸਾਹਿਬ, ਗੁਰਦੁਆਰਾ ਅਚਲ ਸਾਹਿਬ ਅਤੇ ਬੀਕਾਨੇਰ ਦੇ ਧਾਰਮਿਕ ਸਥਾਨ ਸ਼ਾਮਲ ਹਨ। ਇਹ ਸਥਾਨ ਗੁਰੂ ਨਾਨਕ ਦੇ ਪ੍ਰਭਾਵ ਦੇ ਭੂਗੋਲਕ ਵਿਸਥਾਰ ਅਤੇ ਵੱਖ-ਵੱਖ ਸਭਿਆਚਾਰਾਂ ਵਿਚ ਉਨ੍ਹਾਂ ਦੇ ਦਰਸ਼ਨ ਪ੍ਰਤੀ ਸਥਾਪਿਤ ਹੋਏ ਵਿਆਪਕ ਸਤਿਕਾਰ ਨੂੰ ਕਿਵੇਂ ਦਰਸਾਉਂਦੇ ਹਨ?

੬. ੧੯੪੭ ਦੀ ਵੰਡ ਨੇ ਗੁਰੂ ਨਾਨਕ ਨਾਲ ਜੁੜੇ ਇਤਿਹਾਸਕ ਭੂਗੋਲ ਨੂੰ ਕਿਵੇਂ ਪ੍ਰਭਾਵਿਤ ਕਰ ਇਕ ਨਵਾਂ ਰੂਪ ਦਿੱਤਾ?

ਐਪੀਸੋਡ ਵਿਚ ਦੱਸਿਆ ਗਿਆ ਹੈ ਕਿ ਰਾਵੀ ਦਰਿਆ ਦੇ ਪੂਰਬ ਅਤੇ ਪੱਛਮ ਵਿਚ ਫੈਲਿਆ ਇਹ ਖੇਤਰ ੧੯੪੭ ਵਿਚ ਭਾਰਤੀ ਉਪਮਹਾਂਦੀਪ ਦੀ ਵੰਡ ਦੌਰਾਨ ਰੈਡਕਲਿਫ ਲੀਕ ਰਾਹੀਂ ਵੰਡਿਆ ਗਿਆ, ਜਿਸ ਵਿਚ ਪੱਖੋਕੇ ਰੰਧਾਵਾ ਭਾਰਤ ਦਾ ਹਿੱਸਾ ਬਣਿਆ ਅਤੇ ਕਰਤਾਰਪੁਰ ਪਾਕਿਸਤਾਨ ਦਾ। ਇਸ ਵੰਡ ਨੇ ਗੁਰੂ ਨਾਨਕ ਦੀ ਵਿਰਾਸਤ ਦੀ ਨਿਰੰਤਰਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ, ਅਤੇ ੨੦੧੯ ਵਿਚ ਕਰਤਾਰਪੁਰ ਕੋਰੀਡੋਰ ਦੀ ਸਥਾਪਨਾ ਇਨ੍ਹਾਂ ਇਤਿਹਾਸਕ ਤੌਰ ’ਤੇ ਜੁੜੇ ਸਥਾਨਾਂ ਨੂੰ ਮੁੜ ਜੋੜਨ ਲਈ ਕੀ ਮਹੱਤਵ ਰੱਖਦੀ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੇ ਤਿੰਨ ਮੂਲ ਸਿਧਾਂਤ ਉਨ੍ਹਾਂ ਦੇ ਸਮਾਜਿਕ ਦਰਸ਼ਨ ਦੀ ਨੀਂਹ ਕਿਵੇਂ ਰੱਖਦੇ ਹਨ?

ਐਪੀਸੋਡ ਗੁਰੂ ਨਾਨਕ ਦੇ ਤਿੰਨ ਮੂਲ ਸਿਧਾਂਤਾਂ ਨੂੰ ‘ਕਿਰਤ ਕਰੋ’, ‘ਵੰਡ ਛਕੋ’, ਅਤੇ ‘ਨਾਮ ਜਪੋ’ ਵਜੋਂ ਪਛਾਣਦਾ ਹੈ। ‘ਕਿਰਤ ਕਰੋ’ ਦਾ ਅਰਥ ਹੈ ਆਪਣੇ ਅਤੇ ਹੋਰਾਂ ਦੇ ਲਾਭ ਲਈ ਇਮਾਨਦਾਰੀ ਨਾਲ ਰੋਜ਼ੀ ਕਮਾਉਣਾ, ‘ਵੰਡ ਛਕੋ’ ਦਾ ਅਰਥ ਹੈ “ਆਪਣੀਆਂ ਪ੍ਰਾਪਤੀਆਂ ਨੂੰ, ਭਾਵੇ ਭੌਤਿਕ ਜਾਂ ਰੂਹਾਨੀ ਹੋਣ, ਹੋਰਾਂ ਨਾਲ ਸਾਂਝੀਆਂ ਕਰਨਾ ਅਤੇ ਮਿਲ ਜੁਲ ਕੇ ਵਰਤਣਾ,” ਅਤੇ ‘ਨਾਮ ਜਪੋ’ ਉਹ ਪ੍ਰਕਿਰਿਆ ਹੈ ਜਿਸ ਰਾਹੀਂ ‘ਆਤਮ-ਚਿੰਤਨ’ ਦੁਆਰਾ ਵਿਅਕਤੀਗਤ ਅਤੇ ਸਮਾਜਕ ਵਿਕਾਸ ਹੁੰਦਾ ਹੈ। ਇਹ ਸਿਧਾਂਤ ਮਿਲ ਕੇ ਕਿਸ ਤਰ੍ਹਾਂ ਇਕ ਐਸਾ ਢਾਂਚਾ ਬਣਾਉਂਦੇ ਹਨ ਜੋ ਰੂਹਾਨੀ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਦਿਆਂ, ਏਕਤਾ ਵਾਲਾ ਭਾਈਚਾਰਾ ਸਿਰਜਦੇ ਹਨ?

੨. ਗੁਰੂ ਨਾਨਕ ਦੁਆਰਾ ਦਿੱਤਾ ਗਿਆਨ ਅਤੇ ਸ਼ਿਸ਼ ਦੇ ਰਿਸ਼ਤੇ ਬਾਰੇ ਨਜ਼ਰੀਆ ਉਨ੍ਹਾਂ ਦੇ ਰੂਹਾਨੀ ਮਾਰਗਦਰਸ਼ਨ ਬਾਰੇ ਕੀ ਦਰਸਾਉਂਦਾ ਹੈ?

ਜਦੋਂ ਗੁਰੂ ਨਾਨਕ ਤੋਂ ਉਨ੍ਹਾਂ ਦੇ ਗੁਰੂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਕਿਹਾ, “ਗਿਆਨ ਦੇ ਸ਼ਬਦ ਹੀ ਗੁਰੂ ਹਨ, ਤੇ ਸੁਚੇਤ ਆਤਮ-ਚਿੰਤਨ ਹੀ ਸ਼ਿਸ਼ ਹੈ।” ਇਹ ਪ੍ਰਤੀਕਰਮ ਰਵਾਇਤੀ

ਰੂਹਾਨੀ ਅਧਿਕਾਰ ਅਤੇ ਮਾਰਗਦਰਸ਼ਨ ਦੀ ਧਾਰਣਾ ਨੂੰ ਕਿਵੇਂ ਨਵਾਂ ਰੂਪ ਦਿੰਦਾ ਹੈ? ਇਹ ਗਿਆਨ ਦੇ ਸਰੋਤ ਅਤੇ ਉਸ ਦੇ ਪ੍ਰਸਾਰ ਬਾਰੇ ਸਾਨੂੰ ਕੀ ਸੂਝ ਪ੍ਰਦਾਨ ਕਰਦਾ ਹੈ?

੩. ਗੁਰੂ ਨਾਨਕ ਨੇ ਸੰਨਿਆਸੀ ਪਰੰਪਰਾਵਾਂ ਨੂੰ ਕਿਵੇਂ ਚੁਣੌਤੀ ਦਿੱਤੀ ਅਤੇ ਇਕ ਐਸੇ ਜੀਵਨ ਦੀ ਸਿਫ਼ਾਰਸ਼ ਕੀਤੀ ਜੋ ਰੂਹਾਨੀ ਜੁੜਾਅ ਅਤੇ ਸੰਸਾਰ ਨਾਲ ਸੰਬੰਧ ਨੂੰ ਗਲੇ ਲਗਾਉਂਦਾ ਹੈ?
ਅਚਲ ਬਟਾਲਾ ਵਿਚ, ਗੁਰੂ ਨਾਨਕ ਦੀ ਭੇਟ ਜੋਗੀ ਭੰਗਰ ਨਾਥ ਨਾਲ ਹੋਈ, ਜੋ ਮੰਨਦੇ ਸਨ ਕਿ ਬ੍ਰਹਮਚਰਜ, ਭਿਖਿਆ ਮੰਗਣਾ ਅਤੇ ਤਪੱਸਿਆ ਭਰਿਆ ਇਕਾਂਤੀ ਜੀਵਨ ਹੀ ਰੂਹਾਨੀਅਤ ਦਾ ਇਕੱਲਾ ਰਾਹ ਹੈ। ਗੁਰੂ ਨਾਨਕ ਨੇ ਇਸ ਵਿਚਾਰ ਨੂੰ ਇਹ ਕਹਿ ਕੇ ਚੁਣੌਤੀ ਦਿੱਤੀ ਕਿ ਕੁਦਰਤ ਦੇ ਨਿਯਮਾਂ ਅਨੁਸਾਰ, ਪੌਦੇ ਅਤੇ ਜੀਵ-ਜੰਤੂ ਇਕਾਂਤ ਨਹੀਂ ਚੁਣਦੇ, ਸਗੋਂ ਇਕ ਦੂਜੇ ਨਾਲ ਮਿਲ ਕੇ ਰਹਿੰਦੇ ਹਨ ਅਤੇ ਹੋਰ ਜਾਤੀਆਂ ਲਈ ਲਾਭਕਾਰੀ ਹੁੰਦੇ ਹਨ। ਉਨ੍ਹਾਂ ਇਹ ਵੀ ਯਾਦ ਦਿਵਾਇਆ ਕਿ ਜਿਨ੍ਹਾਂ ਨੂੰ ਉਹ ਸ਼ਿਵ ਮੰਨਦੇ ਹਨ, ਉਨ੍ਹਾਂ ਨੇ ਵੀ ਗ੍ਰਹਸਤੀ ਜੀਵਨ ਗੁਜ਼ਾਰਿਆ। ਗੁਰੂ ਨਾਨਕ ਦੁਆਰਾ ਗ੍ਰਿਹਸਤੀ ਰੂਹਾਨੀਅਤ ਦੀ ਇਹ ਪੱਖਦਾਰੀ ਰਵਾਇਤੀ ਧਾਰਮਿਕ ਦੁਵਿਧਾ ਨੂੰ ਕਿਵੇਂ ਚੁਣੌਤੀ ਦਿੰਦੀ ਹੈ?

੪. ਗੁਰੂ ਨਾਨਕ ਨੇ ਮਨੁੱਖੀ ਜੀਵਨ ਦੇ ਮੁੱਖ ਉਦੇਸ਼ ਵਜੋਂ ਕੀ ਪਛਾਣਿਆ?
ਜਦੋਂ ਬੀਕਾਨੇਰ ਦੇ ਵੈਸ਼ਣਵ ਜਨਾਂ ਨੇ ਗੁਰੂ ਨਾਨਕ ਤੋਂ ਇਹ ਪੁੱਛਿਆ ਕਿ ਜਨਮ ਅਤੇ ਮੌਤ ਦੇ ਦਰਮਿਆਨ ਮਨੁੱਖੀ ਜੀਵਨ ਦਾ ਮੁੱਖ ਉਦੇਸ਼ ਕੀ ਹੈ, ਤਾਂ ਉਨ੍ਹਾਂ ਨੇ ਇਕ ਸਬਦ ਰਾਹੀਂ ਉੱਤਰ ਦਿੱਤਾ, ਜਿਸ ਵਿਚ ਇਹ ਸਾਫ਼-ਸਾਫ਼ ਸਮਝਾਇਆ ਗਿਆ ਕਿ ਜੇ ਕੋਈ ਆਪਣੇ ਹਿਰਦੇ ਵਿਚ ਰਚਨਹਾਰ ਦਾ ਤਤਸਾਰ ਸਾਰ ਨਹੀਂ ਵਸਾਉਂਦਾ ਅਤੇ ਨਿਸ਼ਕਾਮ ਸੇਵਾ ਵਿਚ ਨਹੀਂ ਜੁਟਦਾ, ਤਾਂ ਉਸਦਾ ਜਨਮ ਬੇਅਰਥ ਹੋ ਜਾਂਦਾ ਹੈ। ਉਨ੍ਹਾਂ ਨੇ ਅਗੇ ਸਮਝਾਇਆ ਕਿ ਜੀਵਨ ਦਾ ਅਸਲੀ ਮਕਸਦ ਗਿਆਨ ਹਾਸਲ ਕਰਨਾ ਹੈ, ਜੋ ਸਾਨੂੰ ਸਮੁਚੀ ਸਿਰਜਣਾ ਨੂੰ ਇਕ ਇਸ਼ਵਰੀ ਤਾਕਤ ਦਾ ਹਿੱਸਾ ਸਮਝਣ ਲਈ ਪ੍ਰੇਰਿਤ ਕਰਦਾ ਹੈ। ਇਹ ਨਜ਼ਰੀਆ ਮਨੁੱਖੀ ਮਕਸਦ ਅਤੇ ਰੂਹਾਨੀ ਪੂਰਤੀ ਦੀ ਸੋਚ ਨੂੰ ਕਿਵੇਂ ਸਰੂਪ ਦਿੰਦਾ ਹੈ?

੫. ਗੁਰੂ ਨਾਨਕ ਦੁਆਰਾ ਦਿੱਤੀ 'ਕਰਤਾ ਪੁਰਖ'ਦੀ ਧਾਰਣਾ ਕੁਦਰਤ ਦੇ ਦਵੈਤ ਤੋਂ ਵੱਖਰੇ ਇਕ ਅਦਵੈਤਿਕ ਵਿਸ਼ਵਦਰਸ਼ਨ ਨੂੰ ਕਿਵੇਂ ਪੇਸ਼ ਕਰਦੀ ਹੈ?
ਕੋਲਾਯਤ ਵਿਚ ਕਪਿਲ ਮੁਨੀ ਦੇ ਅਨੁਯਾਈਆਂ ਨਾਲ ਸੰਵਾਦ ਦੌਰਾਨ, ਗੁਰੂ ਨਾਨਕ ਨੇ 'ਸਾਂਖ' ਦਰਸ਼ਨ ਦੀ ਵਿਚਾਰਧਾਰਾ ਦਾ ਸਾਹਮਣਾ ਕੀਤਾ, ਜੋ ਦੱਸਦਾ ਹੈ ਕਿ ਸਿਰਜਣਹਾਰ ਦਵੈਤ ਰੂਪਾਂ ਤੋਂ ਬਣੀ ਹੈ: 'ਪੁਰੁਸ਼', ਜੋ ਸ਼ੁੱਧ ਚੇਤਨਾ ਹੈ, ਅਤੇ 'ਪ੍ਰਕ੍ਰਿਤੀ', ਜੋ ਭੌਤਿਕ ਪਦਾਰਥ ਹੈ। ਇਸ ਦਵੈਤਵਾਦ ਦੇ ਉੱਤਰ ਵਿੱਚ, ਗੁਰੂ ਨਾਨਕ ਨੇ ਆਪਣਾ ਅਦਵੈਤਿਕ ਨਜ਼ਰੀਆ ਪੇਸ਼ ਕਰਦਿਆਂ 'ਕਰਤਾ ਪੁਰਖ' ਦਾ ਸੰਕਲਪ ਦਿੱਤਾ। ਉਨ੍ਹਾਂ ਨੇ ਕਿਹਾ ਕਿ 'ਕਰਤਾ', ਜੋ ਭੌਤਿਕ ਰੂਪ ਵਿਚ ਸਿਰਜਣਹਾਰ ਹੈ, ਉਹੀ 'ਪੁਰਖ'ਹੈ — ਅਰਥਾਤ ਈਸ਼ਵਰੀ ਚੇਤਨਾ'। ਚੇਤਨਾ ਅਤੇ ਪਦਾਰਥ ਦੇ ਸੰਬੰਧ ਨੂੰ ਸਮਝਣ ਲਈ ਇਸ ਏਕਮ ਸਿਰਜਣਾ ਦੀ ਸੋਚ ਦੇ ਕੀ ਅਰਥ ਹਨ?

੬. ਗੁਰੂ ਨਾਨਕ ਦੇ ਸ਼ੁਕਰਾਨੇ ਅਤੇ ਸੰਕਟ ਸੰਬੰਧੀ ਗਿਆਨਮਈ ਸਬਦ ਸਾਡੀ ਜ਼ਿੰਦਗੀ ਦੀਆਂ ਚੁਣੌਤੀਆਂ ਅਤੇ ਸਹੀ ਮੁਲਾਂਕਣ ਕਰਨ ਦੀ ਸੂਝ ਨੂੰ ਕਿਵੇਂ ਬਦਲਦੇ ਹਨ?
ਐਪੀਸੋਡ ਵਿਚ ਗੁਰੂ ਨਾਨਕ ਦੇ ਕਈ ਸਬਦ ਦਰਜ਼ ਹਨ ਜੋ ਜੀਵਨ ਦੀਆਂ ਚੁਣੌਤੀਆਂ ਅਤੇ ਸ਼ੁਕਰਾਨੇ ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਇਕ ਸਬਦ ਵਿਚ ਉਹ ਫ਼ੁਰਮਾਉਂਦੇ ਹਨ, "ਸੰਕਟ ਦਵਾਈ ਵਰਗਾ ਹੈ, ਅਤੇ ਭੋਗ ਰੋਗ ਹਨ।" ਉਹ ਇਹ ਸਮਝਾਉਂਦੇ ਹਨ ਕਿ ਜਿਥੇ ਭੋਗਵਾਦੀ ਸੋਚ ਪ੍ਰਧਾਨ ਹੈ, ਉਥੇ ਆਤਮ-ਚਿੰਤਨ ਅਤੇ ਵਿਅਕਤੀਗਤ ਵਿਕਾਸ ਦੀ ਇੱਛਾ ਨਹੀਂ ਹੋ ਸਕਦੀ। ਦੂਜੇ ਸਬਦ ਵਿਚ ਉਹ ਗਧੇ ਦੀ ਉਦਾਹਰਣ ਦਿੰਦੇ ਹਨ ਜੋ ਸੁਪਾਰੀ ਦੇ ਦਰੱਖਤ ਦੀ ਕੀਮਤ ਤੋਂ ਅਣਜਾਣ ਰਹਿੰਦਾ ਹੈ, ਇਹ ਦਰਸਾਉਂਦੇ ਹੋਏ ਕਿ ਸ਼ੁਕਰਾਨੇ ਦੀ ਘਾਟ ਸਾਨੂੰ ਆਪਣੇ ਚੌਗਿਰਦੇ ਵਿਚ ਵਸਦੇ ਵਿਸਮਾਦ ਨੂੰ ਮਾਨਣ ਵਿਚ ਰੁਕਵਾਟ ਪਾਉਂਦੀ ਹੈ। ਇਹ ਤੱਥ ਸਾਨੂੰ ਜੀਵਨ ਦੀਆਂ ਮੁਸ਼ਕਲਾਂ ਅਤੇ ਸ਼ੁਕਰਾਨੇ ਦੀ ਮਹੱਤਤਾ ਨੂੰ ਸਮਝਣ ਦੀ ਨਵੀਂ ਸੂਝ ਕਿਵੇਂ ਦਿੰਦੇ ਹਨ?